# <u>ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਬੇਮਿਸਾਲ ਸਫ਼ਲ ਜਿੰਦਗੀ</u>

## ਮੁੱਖ ਬੰਦ

ਸਿੱਖਾਂ ਨੂੰ ਆਮ ਤੌਰ ਤੇ ਆਪਣੇ ਸ਼ਹੀਦਾ ਬਾਰੇ ਬਹੁਤਾ ਪਤਾ ਨਹੀਂ, ਇਸ ਦਾ ਦੋਸ਼ੀ ਕੌਣ ਹੋ ਸਕਦਾ ਹੈ, ਸੱਚ ਪੁਛੋ ਤਾਂ ਅਸੀਂ ਆਪ ਹੀ ਹਾਂ। ਕੀ ਸਾਨੂੰ ਜਾਨਣ ਦੀ ਲੋੜ ਹੈ? ਇਸ ਦਾ ਜਵਾਬ ਹਾਂ ਵਿਚ ਹੀ ਹੋ ਸਕਦਾ ਹੈ। ਜੇ ਸਾਨੂੰ ਸਿੱਖੀ ਤੇ ਮਾਣ ਹੈ ਤੇ ਸਿੱਖੀ ਨਾਲ ਪਿਆਰ ਹੈ, ਤਾਂ ਸਾਨੂੰ ਆਪ ਨੂੰ ਭੀ ਜਾਨਣਾ ਚਾਹੀਦਾ ਹੈ ਅਤੇ ਅੱਗੇ ਆਪਣੇ ਬੱਚਿਆਂ ਨੂੰ ਭੀ ਦੱਸਣਾ ਚਾਹੀਦਾ ਹੈ ਕਿ ਕਿਵੇਂ ਸਿੱਖਾਂ ਨੇ ਆਪ ਕੁਰਬਾਨ ਹੋ ਕੇ ਹਿੰਦੋਸਤਾਨ ਨੂੰ ਆਜ਼ਾਦੀ ਦਿਵਾਈ ਸੀ। ਅੱਜ ਇਤਿਹਾਸ ਦੀਆ ਕਿਤਾਬਾਂ ਬਦਲਾਈਆਂ ਜਾ ਰਹੀਆ ਹਨ ਅਤੇ ਸਿੱਖਾਂ ਦੀ ਕੁਰਬਾਨੀ ਨੂੰ ਝੁਠਲਾਇਆ ਜਾ ਰਿਹਾ ਹੈ ਅਤੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਲਿਖਿਆ ਜਾ ਰਿਹਾ ਹੈ।ਕਿਉਂਕਿ ਅੱਜ ਉਸ ਸਿਖਾਂ ਦੇ ਗੌਰਵ ਮਈ ਇਤਿਹਾਸ ਦੀ ਜਾਣਕਾਰੀ ਰਾਹੀਂ,ਬਾਕੀ ਕੌਮਾਂ ਨੂੰ ਸ਼ਰਮਸਾਰ ਹੋਣਾ ਪੈਦਾ ਹੈ। ਅੱਜ ਦੇ ਬਲਵਾਨ ਅਤੇ ਗੈਰਤ ਮੰਦ ਇਨਸਾਨਾਂ ਵਿਚੋਂ, ਕੋਈ ਇਕ ਵਾਕਿਆ ਦੱਸ ਸਕਦਾ ਹੈ,ਕਿ 700 ਸਾਲਾਂ ਦੇ ਲੰਬੇ ਸਮੇਂ ਦੁਹਰਾਨ, ਕਿਸੇ ਇਕ ਨੇ ਭੀ ਭਾਰਤ ਤੇ ਹਮਲਾ ਕਰਨ ਵਾਲਿਆਂ ਨੂੰ ਰੋਕਿਆ ਹੋਵੇ, ਜਦ ਆਪਣੇ ਮੰਦਰ ਢਾਏ ਜਾ ਰਹੇ ਸਨ, ਅਤੇ ਕੋਈ ਇਕ ਭੀ ਯੋਧਾ, ਆਪਣੇ ਹਿੰਦੋਸਤਾਨੀ ਮਾਂਵਾਂ ਭੈਣਾਂ ਨੂੰ ਹਮਲਾ ਆਵਰਾਂ ਤੋਂ ਛੁਡਾ ਸਕਿਆ ਹੋਵੇ। ਛੋਟੇ ਮੋਟੇ ਮੁਕਾਬਲੇ ਜਰੂਰ ਕੀਤੇ ਸਨ ਪਰ ਕੋਈ ਭੀ ਆਪਣੀ ਜਿੱਤ ਨਹੀਂ ਪਰਾਪਤ ਕਰ ਸਕਿਆ। ਸਿੱਖ ਗੁਰੂ ਸਾਹਿਬਾਨਾਂ ਨੇ ਹੀ ਆਪਣੇ ਵੇਲੇ ਦੇ ਹੁਕਮਰਾਨਾਂ ਨੂੰ ਵੰਗਾਰਿਆ ਅਤੇ ਸਾਰੀਆਂ ਲੜਾਈਆਂ ਜਿੱਤੀਆਂ ਹਨ ਅਤੇ ਗੁਰੂ ਕੇ ਸਿੱਖਾਂ ਨੇ ਕੇਵਲ ਡੇਢ ਸਾਲ ਵਿਚ ਹੀ, ਇਹਨਾਂ ਦੀ ਹਕੂਮਤ ਖੋਹ ਕੇ ਆਪਣਾ ਰਾਜ ਸਥਾਪਿਤ ਕਰ ਲਿਆ ਸੀ ।ਸਾਡੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਭੀ ਸਿੱਖਾਂ ਦੀ ਕੁਰਬਾਨੀ ਨੂੰ ਕਿਧਰੇ ਸਲਾਹਿਆ ਨਹੀਂ ਸਗੋਂ ਹਿੰਸਾ ਦੇ ਪੁਜਾਰੀ ਆਖਿਆ। ਇਤਿਹਾਸ ਗਵਾਹ ਹੈ,ਕਿ ਮਹਾਤਮਾ ਗਾਂਧੀ ਨੂੰ ਸਿੱਖਾਂ ਦੀ ਕਿਰਪਾਨ ਪਹਿਨਣੀ ਭੀ ਪਸੰਦ ਨਹੀਂ ਸੀ। ਉਸ ਰਾਸ਼ਟਰ ਪਿਤਾ ਦੇ ਪੁਜਾਰੀਆਂ ਨੂੰ ਸਿਖਾਂ ਦੀਆਂ ਕੁਰਬਾਨੀਆਂ ਕਿਵੇਂ ਗਵਾਰਾ ਹੋ ਸਕਣਗੀਆਂ।ਅਸੀਂ ਇਹ ਜਰੂਰ ਮੰਗ ਜਾਂ ਉਮੀਦ ਕਰ ਸਕਦੇ ਹਾਂ, ਕਿ ਅਸੀਂ ਆਪਣੀਆਂ ਪੰਜਾਬ ਦੀਆਂ ਘੱਟੋ ਘੱਟ ਪੰਜਾਬੀ ਦੀਆਂ ਕਿਤਾਬਾਂ ਵਿਚ ਇਸ ਗੌਰਵ ਮਈ ਇਤਿਹਾਸ ਬਾਰੇ ਆਪਣੀ ਅਗਲ਼ੀ ਪੀੜ੍ਹੀ ਨੂੰ ਦੱਸ ਸਕੀਏ। ਔਰ ਅਸੀਂ ਇਹ ਭੀ ਮੰਗ ਕਰਦੇ ਹਾਂ, ਕਿ ਧਰਮ ਪਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਜਿਹੀਆਂ ਕਿਤਾਬਾਂ ਲਿਖਵਾ ਕੇ, ਪੰਜਾਬ ਸਰਕਾਰ ਨੂੰ ਬੇਨਤੀ ਕਰਨ ਕਿ ਇਹਨਾਂ ਸ਼ਹੀਦਾਂ ਬਾਰੇ ਹਰ ਇਕ ਬੱਚੇ ਨੂੰ ਪੜ੍ਹਾਉਣ ਲਈ ਛੇਵੀਂ ਜਾਂ ਸੱਤਵੀਂ ਜਮਾਤ ਦੇ ਬੱਚਿਆ ਦੇ ਪਾਠ ਕਰਮ ਵਿਚ ਪਾਉਣ।ਤਾਂ ਜੋ, ਇਸ ਗੌਰਵ ਮਈ ਇਤਿਹਾਸ ਨੂੰ ਪੜ੍ਹ ਕੇ, ਬੱਚੇ ਦੇਸ਼ ਪ੍ਰਤੀ, ਪ੍ਰੇਮ, ਸ਼ਰਧਾ ਅਤੇ ਉਤਸਾਹ ਦੀ ਪ੍ਰੇਰਣਾ ਲੈ ਸਕਣ।

ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ, ਲੁਧਿਆਣਾ ਨੇ ਜਦ ਕਿਸੇ ਗੁਰੂ ਪਿਆਰੇ ਦੇ ਘਰ, ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਨ ਮਨਾਉਣਾ ਸੀ, ਦਾਸ ਨੇ ਮਹਿਸੂਸ ਕੀਤਾ ਕਿ ਸੰਗਤਾਂ ਵਿਚੋਂ ਬਹੁਤਿਆਂ ਨੂੰ ਪਤਾ ਹੀ ਨਹੀਂ ਸੀ, ਸਿਰਫ ਇਨ੍ਹਾ ਜਰੂਰ ਪਤਾ ਸੀ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਦੀਆਂ ਪਰਕਰਮਾ ਵਿਚ ਫਰਸ਼ ਤੇ ਬਾਬਾ ਦੀਪ ਸਿੰਘ ਦੀ ਸ਼ਹੀਦੀ ਸਥਾਨ ਦਾ ਨਿਸ਼ਾਨ ਬਣਾਇਆ ਹੋਇਆ ਹੈ ਅਤੇ ਅੰਮ੍ਰਿਤਸਰ ਦੇ ਚਾਟੀ ਵਿੰਡ ਗੇਟ ਕੋਲ ਇਕ ਮਸ਼ਹੂਰ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਦਾ ਗੁਰਦੁਆਰਾ ਬਣਿਆ ਹੋਇਆ ਹੈ।ਕਿਸੇ ਕਿਸੇ ਨੂੰ ਇਹ ਭੀ ਪਤਾ ਸੀ ਕਿ ਇਕ ਸ਼ਹੀਦੀ ਸਥਾਨ ਜੋ ਤਰਨਤਾਰਨ ਅੰਮ੍ਰਿਤਸਰ ਸੜਕ ਤੇ ਹੈ ਤੇ ਸਾਰੀਆਂ ਬੱਸਾਂ ਗੱਡੀਆਂ ਰੁਕਦੀਆਂ ਅਤੇ ਸਾਰੇ ਲੋਕ ਮੱਥਾ ਟੇਕਦੇ ਹਨ ਭਾਵੇਂ ਇਹ ਬੱਸ ਦੇ ਅੰਦਰੋਂ ਹੀ, ਪਰ ਸਿਰ ਸਭ ਦਾ ਝੁਕਦਾ ਹੈ, ਅਤੇ ਉਹ ਅਸਥਾਨ ਭੀ ਬਾਬਾ ਦੀਪ ਸਿੰਘ ਨਾਲ ਜੁੜਿਆ ਹੋਇਆ ਹੈ।ਦਾਸ ਨੂੰ ਭੀ ਇਸ ਤੋਂ ਵੱਧ ਹੋਰ ਕੁਝ ਪਤਾ ਨਹੀਂ ਸੀ।ਮੈਂ ਭੀ ਆਪਣੇ ਆਪ ਨੂੰ ਬਹੁਤ ਸ਼ਰਮਸਾਰ ਮਹਿਸੂਸ ਕੀਤਾ।

ਇਹ ਘਟਨਾ ਮੇਰੇ ਵਾਸਤੇ ਇਕ ਪ੍ਰੇਰਨਾ ਸ੍ਰੋਤ ਬਣੀ ਅਤੇ ਦਾਸ ਨੇ ਕੁਝ ਕੁ ਮਿਲਦੀਆ ਪੁਸਤਕਾਂ ਲਾਇਬ੍ਰੇਰੀ ਵਿਚੋਂ ਕਢਵਾ ਲਈਆਂ ਅਤੇ ਉਹਨਾਂ ਵਿਚੋਂ ਜਰੂਰੀ ਸਮਗਰੀ ਇੱਕਠੀ ਕਰ ਲਈ। ਉਹ ਗੁਰੂ ਪਿਆਰਿਆਂ ਦਾ ਧੰਨਵਾਦ ਕਰਨਾਂ ਬਣਦਾ ਹੈ ਜਿਹਨਾਂ ਨੇ ਇਹ ਪੁਸਤਕਾਂ ਲਿਖੀਆਂ ਅਤੇ ਉਹਨਾਂ ਦੇ ਨਾਮ ਹਨ: ਸਾਡੇ ਸ਼ਹੀਦ – ਗਿਆਨੀ ਭਜਨ ਸਿੰਘ; ਸ਼ੋਮਣੀ ਸ਼ਹੀਦ–ਡਾ: ਗੁਰਚਰਨ ਸਿੰਘ ਔਲਖ ਅਤੇ ਪੁਰਾਤਨ ਇਤਿਹਾਸਕ ਜੀਵਨੀਆਂ–

ਸਤਿਬੀਰ ਸਿੰਘ।ਪੰਜਾਬ ਦਾ ਇਤਿਹਾਸ ਹੀ ਇਹਨਾਂ ਸ਼ਹੀਦਾਂ ਦੇ ਜੀਵਨ ਕਾਲ ਨਾਲ ਜੁੜਿਆ ਹੋਇਆ ਹੈ, ਸੋ ਕਈ ਹੋਰ ਸ਼ਹੀਦਾ ਦਾ ਭੀ ਸੰਖੇਪ ਵਿਚ ਜ਼ਿਕਰ ਕੀਤਾ ਗਿਆ ਹੈ ਜੋ ਬਾਬਾ ਦੀਪ ਸਿੰਘ ਦੇ ਜੀਵਨ ਕਾਲ ਵਿਚ ਹੋਏ ਸਨ। ਮੈਨੂੰ ਉਮੀਦ ਹੈ ਕਿ ਸਿੱਖ ਸੰਸਥਾਵਾਂ, ਇਹ ਸ਼ਹੀਦਾਂ ਦੀ ਮਹਾਨ ਕਥਾ, ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਗੇ। ਦਾਸ ਨੂੰ ਇਹ ਤਿੰਨ ਪੁਸਤਕਾਂ ਪੜ੍ਹਨ ਦਾ ਫਾਇਦਾ ਹੋਇਆ, ਕਿਸੇ ਕਿਤਾਬ ਵਿਚ ਕੋਈ ਈਸਵੀ ਨਹੀਂ ਲਿਖੀ ਹੋਈ ਸੀ ਅਤੇ ਕਿਸੇ ਵਿਚ ਵੇਰਵਾ ਪੜ੍ਹ ਕੇ ਮਨ ਵਿਚ ਵਿਸ਼ਵਾਸ਼ ਨਹੀਂ ਬਣਦਾ ਸੀ। ਜਿਵੇਂ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਬਾਰੇ ਇਕ ਕਿਤਾਬ ਵਿਚ ਲਿਖਿਆ ਕਿ ਉਹਨਾਂ ਚੁੰਗੀ ਉਗਰਾਹੁਣੀ ਸ਼ੁਰੂ ਕਰ ਦਿਤੀ। ਆਖਿਰ ਘਰ ਬਾਹਰ ਛੱਡਿਆ  ਹੋਇਆ ਤਾਂ ਓਪਰੀ ਥਾਂ ਤੇ ਕਿਵੇਂ ਕਈ ਦਿਨ ਠਹਿਰੇ।ਇਸ ਬਾਰੇ ਸਹੀ ਜਾਣਕਾਰੀ ਨਾਲ ਇਹ ਵਾਰਤਾ ਯਕੀਨ ਯੋਗ ਬਣ ਗਈ।ਉਹਨਾਂ ਨੇ ਸਰਾਏ ਨੂਰਦੀ ਜੋ ਢੱਠੀ ਪਈ ਸੀ ਦੁਬਾਰਾ ਬਣਾ ਲਈ ਅਤੇ ਉਥੇ ਲੋਗਾਂ ਕੋਲੋਂ ਇਕੱਠੇ ਪੈਸਿਆਂ ਨਾਲ ਲੰਗਰ ਸ਼ੁਰੂ ਕਰ ਦਿੱਤਾ। ਇਸੇ ਪੱਖ ਨੇ ਇਸ ਨੂੰ ਵਿਸ਼ਵਾਸ਼ ਯੋਗ ਬਣਾ ਦਿੱਤਾ। ਸੋ ਦਾਸ ਨੇ ਮਿਹਨਤ ਕਰਕੇ ਇਸਨੂੰ ਪੜ੍ਹਨ ਵਾਲਿਆਂ ਦੇ ਵਿਸ਼ਵਾਸ਼ ਯੋਗ ਬਣਾਇਆ ਹੈ।ਇਸੇ ਕਰਕੇ ਮੇਰੀ ਬੇਨਤੀ, ਇਸ ਪੱਤਰ ਰਾਹੀਂ ਪਰਚਾਰ ਕਰਨਾਂ, ਜਿਆਦਾ ਸਾਰਥਿਕ ਹੋ ਸਕਦਾ ਹੈ। ਮੈਨੂੰ ਖੁਸ਼ੀ ਹੋਏਗੀ, ਕਿ ਇਸ ਵਾਰਤਾ ਨੂੰ ਹੋਰ ਭੀ ਵਧੀਆ ਲਿਖਕੇ ਪਰਚਾਰ ਕੀਤਾ ਜਾਵੇ। ਨਿਸ਼ਚੈ ਤੌਰ ਤੇ ਦਾਸ ਨੂੰ ਇਤਿਹਾਸਕਾਰਾਂ ਜਿਨ੍ਹਾਂ ਵਧੀਆ ਲਿਖਣਾ ਨਹੀਂ ਆ ਸਕਦਾ, ਕਿਉਂਕਿ ਮੇਰੀ ਪੰਜਾਬੀ ਦੀ ਕੋਈ ਖੋਜ ਜਾਂ ਪੜ੍ਹਾਈ ਨਹੀਂ।

ਦਾਸਨਿ ਦਾਸ,

ਡਾ:ਬਲਵੰਤ ਸਿੰਘ
website: gurunanakhealing.com>
e-mail; info@gurunanakhealing.com

ਬਾਬਾ ਦੀਪ ਸਿੰਘ ਜੀ ਸ਼ਹੀਦ ਦੀ, ਲਾਸਾਨੀ ਸ਼ਰਧਾ ਅਤੇ ਖਾਲਸਾ ਪੰਥ ਲਈ ਬੇਮਿਸਾਲ ਕੁਰਬਾਨੀ ਦੀ ਯਾਦ ਕਰਦਿਆਂ, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ, ਹਿੰਦੋਸਤਾਨ ਦੀ ਮਰ ਚੁੱਕੀ ਜ਼ਮੀਰ ਨੂੰ ਨਵੀਂ ਰੂਹ ਫੂਕਣ ਦੀ ਕਰਾਮਾਤੀ ਦੇਣ ਨੂੰ ਭੁੱਲਿਆ ਨਹੀਂ ਜਾ ਸਕਦਾ। ਇਸੇ ਗ਼ੈਰਤ, ਅਣਖ ਅਤੇ ਸਵੈ ਮਾਣ ਨੇ ਹਿੰਦੋਸਤਾਨੀਆਂ ਨੂੰ ਆਜ਼ਾਦ ਹੋਣ ਦਾ ਰਾਹ ਦਿਖਾਇਆ। ਅਹਿਮਦ ਸ਼ਾਹ ਅਬਦਾਲੀ ਅਤੇ ਨਾਦਿਰ ਸ਼ਾਹ ਵਰਗੇ ਦਰਿੰਦੇ ਹਿੰਦੋਸਤਾਨ ਦੀ ਇੱਜ਼ਤ, ਜਵਾਨ ਲੜਕੀਆਂ ਅਤੇ ਹੋਰ ਬਹੁਮੁੱਲਾ ਸਮਾਨ ਲੈ ਕੇ ਪੰਜਾਬ ਦੀ ਹੱਦ ਪਾਰ ਨਾ ਕਰ ਸਕੇ। ਇਤਨੇ ਬਾਹੂ ਬਲ, ਹਰ ਤਰ੍ਹਾਂ ਦਾ ਗੋਲਾ ਬਰੂਦ ਹੋਣ ਦੇ ਬਾਵਜੂਦ ਭੀ ਇਕ ਵਾਰ ਭੀ ਇਹਨਾਂ ਗੁਰਿਲਾ ਯੋਧਿਆਂ ਨੂੰ ਹਰਾ ਸਕਣ ਦੇ ਕਾਮਯਾਬ ਨਾ ਹੋ ਸਕੇ। ਇਸ ਲੜਾਈ ਵਿੱਚ ਸਭ ਤੋਂ ਔਖੀ ਗੱਲ ਇਹ ਸੀ ਇਹਨਾਂ ਨੂੰ ਆਮ ਵਸੋਂ ਦੀ ਕੋਈ ਹਮਦਰਦੀ ਜਾਂ ਮੱਦਦ ਹਾਸਿਲ ਨਹੀਂ ਸੀ, ਸਗੋਂ ਡਰ ਅਤੇ ਲਾਲਚ ਵੱਸ ਇਹ ਲੋਕ ਜ਼ਾਲਮ ਹਕੂਮਤ ਦੀ ਮੱਦਦ ਕਰ ਰਹੇ ਸਨ।

ਸਭ ਤੋਂ ਹੈਰਾਨ ਕਰਨ ਵਾਲੀ ਅਤੇ ਧਿਆਨ ਵਿਚ ਰੱਖਣ ਵਾਲੀ ਗੱਲ ਇਹ ਹੈ, ਕਿ ਜੱਦੋ ਜਹਿਦ, ਕੁਝ ਮਹੀਨਿਆਂ ਜਾਂ ਸਾਲਾਂ ਦੀ ਨਹੀਂ, ਸਗੋਂ ਅੱਧੀ ਸਦੀ ਤੋਂ ਵੀ ਵੱਧ ਸਮੇਂ ਜ਼ਿੰਨੀ ਲੰਬੀ ਸੀ { 1708 ਈ: ਤੋਂ ਲੈ ਕੇ 1764 ਈ:ਤੱਕ}। ਇੰਨੇ ਲੰਬੇ ਸਮੇਂ ਦੁਹਰਾਨ, ਹਜ਼ਾਰਾਂ ਨੇ ਖਿੜ੍ਹੇ ਮੱਥੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਉਸਤੋਂ ਵੱਧ ਸ਼ਹੀਦ ਹੋਣ ਲਈ, ਹਜ਼ਾਰਾਂ ਹੋਰ ਤਿਆਰ ਹੋ ਜਾਂਦੇ। ਜੰਗਲਾਂ ਵਿਚ ਜਾਂਦੇ ਸਿਰਫ਼ ਇਸ ਲਈ ਕਿ ਲੜਾਈ ਦੀ ਅੱਗ ਵਿਚੋਂ ਆਪਣੀਆਂ ਮਾਂਵਾਂ, ਔਰਤਾਂ ਅਤੇ ਬੱਚਿਆਂ ਨੂੰ ਬਚਾਇਆ ਜਾ ਸਕੇ ਅਤੇ ਦੁਸ਼ਮਣ ਦੀਆਂ ਚਾਲਾਂ ਦਾ ਢੁਕਵਾਂ ਜਵਾਬ ਦੇ ਸਕਣ। ਕਿਸੇ ਇਕ ਨੇ ਭੀ ਆਪਣੀ ਜਾਨ- ਮਾਲ ਅਤੇ ਪਰਿਵਾਰ ਦੀ ਖਾਤਿਰ, ਹਾਰ ਨਹੀਂ ਮੰਨੀਂ, ਹੱਥ ਨਹੀਂ ਖੜ੍ਹੇ ਕੀਤੇ, ਨਵਾਬੀਆਂ ਨਹੀਂ ਲਈਆਂ, ਪੈਸੇ ਦੇ ਲਾਲਚ ਵਿਚ ਨਹੀਂ ਆਏ, ਮਾਫ਼ੀ ਨਹੀਂ ਮੰਗੀ ਅਤੇ ਆਪਣੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ। ਧੰਨ ਹੈ ਸਿੱਖੀ ਅਤੇ ਧੰਨ ਹਨ ਸਿੱਖ।

ਕੁਝ ਪੈਸੇ ਦੀ ਖਾਤਿਰ, ਝੂਠੀ ਸ਼ਾਨ ਪ੍ਰਾਪਤ ਕਰਨ ਵਾਲਿਓ, ਤੁਹਾਨੂੰ ਪਤਾ ਹੀ ਨਹੀ,ਂ ਤੁਹਾਡੇ ਵਡੇਰਿਆਂ ਨੂੰ ਇਹ ਸਿੱਖੀ ਕਿਸ ਭਾਅ ਮਿਲੀ ਸੀ, ਅਤੇ ਤੁਸੀਂ ਵਾਲ ਕਟਵਾ ਕੇ, ਮਾਨ ਮੱਤੇ ਵਿਰਸੇ ਤੋਂ ਟੁੱਟ ਰਹੇ ਹੋ, ਅਜਿਹਾ ਵਿਰਸਾ ਦੁਨੀਆ ਦੀ ਕਿਸੇ ਕੌਮ ਕੋਲ ਨਹੀਂ ਹੈ।ਜੇ ਤੁਹਾਡੇ ਮਾਂ ਬਾਪ ਨੇ ਸਿੱਖੀ ਸਰੂਪ ਧਾਰਨ ਕੀਤਾ ਹੋਇਆ ਸੀ ਤਾਂ ਜ਼ਰੂਰ ਹੀ ਕਿਤੇ ਨਾ ਕਿਤੇ ਤੁਹਾਡਾ ਰਿਸ਼ਤਾ ਉਹਨਾਂ ਦੁਨੀਆਂ ਦੇ ਵਿਲੱਖਣ ਸ਼ਹੀਦਾਂ ਨਾਲ ਜੁੜਦਾ ਹੈ ਜਿਹਨਾਂ ਲਈ ਹਰ ਸਿੱਖ ਅਰਦਾਸ ਕਰਕੇ ਮੱਥਾ ਟੇਕਦਾ ਅਤੇ ਮਾਣ ਮਹਿਸੂਸ ਕਰਦਾ ਹੈ।ਤੁਸੀਂ ਵਾਲ ਕਟਵਾ ਕੇ ਕੀ ਦੱਸਣਾ ਚਾਹੁੰਦੇ ਹੋ, ਕਿ ਤੁਸੀਂ ਜਿਆਦਾ ਸੁਹਣੇ ਲਗਦੇ ਹੋ, ਜਾਂ ਜਿਆਦਾ ਗੌਰਵ ਹੈ ਤੁਹਾਨੂੰ ਆਪਣੇ ਆਪ ਤੇ ਅਤੇ ਤੁਹਾਨੂੰ ਆਪਣੇ ਵਡੇਰਿਆਂ ਦੀ ਕੁਰਬਾਨੀ ਦੀ ਕੋਈ ਕੀਮਤ ਨਹੀਂ? ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਵਾਲੇ ਇਹ ਸਨ ਹੋਰ ਕੋਈ ਨਹੀਂ। ਤੁਸੀਂ ਸੋਚੋ ਕਦੇ ਕਿਸੇ ਹਿੰਦੋਸਤਾਨੀ ਨੇ, ਬਾਹਰਲੇ ਹਮਲਾਵਾਰਾਂ ਸਾਹਮਣੇ 700 ਸਾਲਾ ਵਿੱਚ ਮਰ ਮਿਟਣ ਦੀ ਜੁਰਅਤ ਕੀਤੀ? ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਨੂੰ, ਨਾ ਕੇਵਲ ਆਪਣਾ ਪਵਿੱਤਰ ਸਰੂਪ ਬਖਸ਼ਿਆ ਸਗੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਦੁਨੀਆਂ ਦੇ ਉਚ ਕੋਟੀ ਦੇ ਯੋਧੇ ਬਣਾ ਦਿਤਾ ਅਤੇ ਅਸੀਂ ਹਰ ਖੇਤਰ ਵਿਚ ਜਿੱਤ ਹਾਸਿਲ ਕੀਤੀ। ਤੁਸੀਂ ਵਾਲਾਂ ਤੋਂ ਬਿਨਾਂ ਸਿੱਖ ਕਿਵੇਂ ਕਹਾ ਸਕਦੇ ਹੋ? ਜਰਾ ਆਪਣਾ ਇਤਿਹਾਸ ਧਿਆਨ ਨਾਲ ਸੋਚੋ। ਜੜ੍ਹਾਂ ਤੋਂ ਬਿਨਾਂ ਕਦੇ ਦਰਖਤ ਹਰਾ ਨਹੀਂ ਰਹਿ ਸਕਦਾ ਹੈ? ਵਾਲ ਕਟਵਾ ਕੇ ਤੁਹਾਡੀ ਜੜ੍ਹਾਂ ਕਟੀਆਂ ਗਈਆਂ ਹਨ, ਕੀ ਤੁਸੀਂ ਕਦੇ ਅਰਦਾਸ ਕਰ ਸਕੋਗੇ ਅਤੇ ਮੰਗ ਸਕੋਗੇ ਕਿ ਸਾਡੀ ਸਿੱਖੀ ਕੇਸਾਂ ਸੁਆਸਾ ਨਾਲ ਨਿਭਹੇ? ਕੀ ਤੁਸੀਂ ਕਹਿ ਸਕੋਗੇ ਕਿ ਅਸੀਂ ਸਿੱਖ ਹਾਂ? ਸ਼ਾਇਦ ਇਹ ਭੀ ਕਹਿਣਾ ਮੁਸ਼ਕਲ ਹੋਵੇ ਕਿ ਤੁਸੀਂ ਹਿੰਦੂ, ਮੁਸਲਮਾਨ ਜਾਂ ਈਸਾਈ ਹੋ? ਹਾਂ ਇਥੋਂ ਦੀ ਬਹੁ ਗਿਣਤੀ ਹਿੰਦੂਆਂ ਦੀ ਹੈ ਤਾਂ ਹਿੰਦੂ ਜਰੂਰ ਹੋ ਜਾਵੋਗੇ। ਸਾਨੂੰ ਕੋਈ ਇਸਦਾ ਕੋਈ ਅਫ਼ਸੋਸ ਨਹੀਂ ਹੋਵੇਗਾ ਕਿਉਂਕਿ ਇਸ ਮਾਣ ਕਰਨ ਯੋਗ, ਦਲੇਰ ਕੌਮ ਵਿਚ ਥੋੜੇ ਹੀ ਬੰਦੇ ਕਾਫ਼ੀ ਹਨ, ਅਸੀਂ ਆਜ਼ਾਦ ਹਾਂ, ਇਹ ਸਾਡਾ ਆਪਣਾ ਦੇਸ਼ ਹੈ ਅਤੇ ਇਸਨੂੰ ਅਸੀਂ ਆਪ ਸਾਜਿਆ ਸਵਾਰਿਆ ਹੈ, ਇਸਨੂੰ ਆਪਣੇ ਖ਼ੂਨ ਨਾਲ ਧੋਤਾ ਹੈ।

ਬਾਬਾ ਦੀਪ ਸਿੰਘ ਸ਼ਹੀਦ ਬਾਰੇ ਲਿਖਣ ਤੋਂ ਪਹਿਲਾਂ ਤੁਹਾਨੂੰ ਪੰਜਾਬ ਦਾ ਇਤਿਹਾਸ ਜਾਣਨਾ ਪਵੇਗਾ ਕਿਉਂਕਿ ਜੋ ਕੁਝ ਇਸ ਸਮੇਂ ਵਾਪਰਿਆ ਉਸਦਾ ਸਬੰਧ ਸਿੱਧੇ ਜਾਂ ਅਸਿੱਧੇ ਤੌਰ ਤੇ ਦੋ ਮਹਾਨ ਪਰਉਪਕਾਰੀ, ਜਰਨੈਲਾਂ, ਪੰਥ ਦੇ ਵਿਦਵਾਨਾਂ, ਲਿਖਾਰੀਆਂ ਅਤੇ ਅਧਿਆਤਮਿਕ ਆਗੂਆਂ ਨਾਲ ਜੁੜਦਾ ਹੈ। ਉਹ ਪਰਉਪਕਾਰੀ ਸਨ, ਬਾਬਾ ਮਨੀ ਸਿੰਘ ਸ਼ਹੀਦ, ਜਿਹਨਾਂ ਨੇ 90 ਸਾਲ ਦੀ ਉਮਰ ਵਿੱਚ, ਪੰਥ ਅਤੇ ਦੇਸ਼ ਦੀ ਖਾਤਿਰ ਲਾਹੌਰ ਵਿਖੇ ਬੰਦ ਬੰਦ ਕਟਵਾਏ ਅਤੇ ਬਾਬਾ ਦੀਪ ਸਿੰਘ ਸ਼ਹੀਦ 75 ਜਾਂ 80 ਸਾਲ ਦੀ ਉਮਰ ਵਿੱਚ ਦੁਸ਼ਮਣਾਂ ਦੀ ਫੌਜ ਨੂੰ ਚੀਰਦੇ, ਖੰਡੇ ਦੀ ਭੇਟ ਕਰਦੇ ਹੋਏ, ਪਵਿੱਤਰ ਸਰੋਵਰ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਆਜ਼ਾਦ ਕਰਵਾ

ਕੇ ਗੁਰੂ ਕੇ ਚਰਨਾਂ ਵਿਖੇ,- ਨਾ ਮੰਨਣ ਯੋਗ ਕਾਰਵਾਈ ਕਰਦਿਆਂ, ਕੱਟਿਆ ਹੋਇਆ ਸੀਸ ਤਲੀ ਤੇ ਰੱਖ ਕੇ ਦੁਸ਼ਮਣਾਂ ਨਾਲ ਮੁਕਾਬਲਾ ਕਰਦੇ ਕਰਦੇ-, ਪਰਕਰਮਾ ਵਿੱਚ ਅੰਤਿਮ ਸੁਆਸ ਤਿਆਗਿਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਤਰੀਕੇ ਗੁਰੂ ਘਰ ਦੀ ਸੇਵਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਰਤੱਖ ਕਰਾਮਾਤ ਹੀ ਸੀ, ਜਿਸ ਦਾ ਸਦਕਾ, ਬੰਦਾ ਬਹਾਦਰ ਨੂੰ ਜੋ ਕੁਟਰ ਵੈਸ਼ਨੂ, ਸੰਸਾਰ ਤਿਆਗੀ ਸਾਧੂ ਸੀ,ਜਿਸਨੇ ਕਦੀ ਹਥਿਆਰ ਹੱਥ ਵਿਚ ਫੜੇ ਨਹੀਂ, ਕੋਈ ਸਿਖਿਆ ਪ੍ਰਾਪਤ ਨਹੀਂ ਕੀਤੀ ਅਤੇ ਮੁਕਾਬਲਾ ਉਹਨਾਂ ਨਾਲ ਜਿਹਨਾਂ ਕਈ ਲੜਾਈਆਂ ਲੜੀਆਂ, ਤਜਰਬਾ ਹਾਸਿਲ ਕੀਤਾ। ਇਹ ਤਾਂ ਖੰਡੇ ਬਾਟੇ ਦੀ ਅੰਮ੍ਰਿਤ ਦੀ ਗਿਦੜੋਂ ਸ਼ੇਰ ਬਣਾਉਣ ਦੀ ਮਿਸਾਲ ਹੈ ਜਿਸ ਨਾਲ ਬੰਦਾ ਸਿੰਘ ਇਕ ਸੂਰਬੀਰ ਯੋਧਾ ਬਣ ਗਿਆ। ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਲੜਨਾ, ਜਿੱਤਣਾ ਅਤੇ ਰਾਜ ਕਰਨਾ ਸਿਖਾਇਆ।ਡਾ: ਗੰਡਾ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ ਬੰਦਾ ਸਿੰਘ ਨੇ ਡੇਢ ਕੁ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਚੜ੍ਹਦੇ ਪੰਜਾਬ ਵਿਚੋਂ ਮੁਗ਼ਲ ਰਾਜ ਦੀ ਸਫ ਵਲ੍ਹੇਟ ਦਿੱਤੀ ਅਤੇ ਉਸਦੀ ਥਾਂ, ਸੱਤ ਸੌ ਸਾਲ ਤੋਂ ਬਾਅਦ ਮੁੜ ਪੰਜਾਬੀਆਂ ਦਾ ਰਾਜ ਕਾਇਮ ਕਰ ਦਿੱਤਾ ਅਤੇ ਸੁਤੰਤਰਤਾ ਦੀ ਐਸੀ ਜੋਤਿ ਜਗਾਈ, ਜੋ ਮੁਗ਼ਲਾਂ ਦੇ ਸਾਮਰਾਜੀ ਝੱਖੜਾਂ ਨਾਲ ਕੁਝ ਚਿਰ ਮੱਧਮ ਤਾਂ ਹੋਈ ਪਰ ਉੱਕੀ ਬੁਝਾਈ ਨਾ ਜਾ ਸਕੀ।

ਸਾਡੇ ਵਿਦਿਵਾਨ, ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਸਾਹਿਬ ਦੇ ਬਰਾਬਰ ਲਿਖਦੇ ਹਨ ਅਤੇ ਜਿਵੇਂ ਗੁਰੂ ਸਾਹਿਬ ਨੇ ਉਸਦੀ ਮੱਦਦ ਮੰਗੀ ਹੋਵੇ ਅਤੇ ਅੰਮ੍ਰਿਤ ਭੀ ਜ਼ਬਰਦਸਤੀ ਛਕਾ ਦਿੱਤਾ ਹੋਵੇ। ਉਸ ਵਿਚ ਮੁਹੰਮਦ ਲਤੀਫ ਦੀ ਬਹੁਤ ਭੂਮਿਕਾ ਹੈ, ਜਿਸਨੇ ਸਿੱਖ ਗੁਰੂਆਂ ਬਾਰੇ ਆਪਣੀ ਪੁਸਤਕ ,'ਪੰਜਾਬ ਦਾ ਇਤਿਹਾਸ' ਵਿਚ ਬਹੁਤ ਘਟੀਆ ਲਿਖਿਆ ਹੈ। ਅਤੇ ਸਾਡੇ ਲਿਖਾਰੀਆਂ ਨੇ ਉਸਦੀਆਂ ਲਿਖਤਾਂ ਦਾ ਹਵਾਲਾ ਦਿਤਾ ਹੈ। ਸੱਚ ਤਾਂ ਇਹ ਹੈ, ਗੁਰੂ ਸਾਹਿਬ ਨੇ ਉਹ ਕੁਝ ਕੀਤਾ, ਜਿਸਦੇ, ਮਾਧੋ ਦਾਸ ਸਖ਼ਤ ਖਿਲਾਫ਼ ਸੀ, ਜਿਵੇਂ ਸ਼ਿਕਾਰ ਕਰਨਾ, ਮਹਾਂ ਪਰਸ਼ਾਦਿ ਬਣਾਉਣਾ ਅਤੇ ਉਸਦੇ ਤਖਤ ਉੱਤੇ ਬੈਠਣਾ। ਗੁਰੂ ਸਾਹਿਬ ਅੱਗੇ ਨੱਤ ਮਸਤਕ ਹੋਣ ਤੋਂ ਪਹਿਲਾਂ ਆਪਣੀਆਂ ਸਾਰੀਆਂ ਤਾਂਤ੍ਰਿਕ ਸ਼ਕਤੀਆ ਵਰਤ ਕੇ ਹਾਰ ਚੁੱਕਾ ਸੀ ਅਤੇ ਫਿਰ ਚਰਨਾਂ ਤੇ ਢੱਠਾ ਸੀ। ਸਿੱਖਾਂ ਦੀ ਉੱਚੀ ਰਹਿਣੀ ਬਹਿਣੀ ਦੇਖ ਕੇ ਪ੍ਰਭਾਵਤ ਹੋਇਆ ਅਤੇ ਅੰਮ੍ਰਿਤ ਦੀ ਦਾਤ ਆਪ ਮੰਗੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤ੍ਰੁਠ ਕੇ ਅੰਮ੍ਰਿਤ ਦੀ ਦਾਤ ਬਖ਼ਸ਼ੀ ਸੀ, ਉਸਦਾ ਨਾਮ ਮਾਧੋ ਦਾਸ ਤੋਂ ਬਦਲ ਕੇ ਗੁਰਬਖਸ਼ ਸਿੰਘ ਰੱਖ ਦਿੱਤਾ ਸੀ। ਪਰ ਉਹ ਆਪਣੇ ਆਪ ਨੂੰ ਗੁਰੂ ਸਾਹਿਬ ਦਾ ਨਿਮਾਣਾ ਸੇਵਕ, ਭਾਵ ਬੰਦਾ ਹੀ ਕਹਾਂਉਂਦੇ ਰਹੇ। ਗੁਰੂ ਸਾਹਿਬ ਜੀ ਨੇ ਉਸ ਦੀ ਸੇਵਾ, ਲਗਨ ਤੋਂ ਖ਼ੁਸ਼ ਹੋ ਕੇ ਸਿੱਖੀ ਦੇ ਪਰਚਾਰ ਖਾਤਿਰ, ਆਪਣੇ ਭੱਥੇ ਦੇ ਪੰਜ ਤੀਰ, ਨਿਸ਼ਾਨ, ਨਗਾਰਾ ਅਤੇ ਪੰਜ ਮੁਖੀ ਸਿੰਘ ਨਾਲ ਤੋਰੇ ਸਨ। ਇਤਿਹਾਸ ਕਾਰ ਫਿਰ ਗ਼ਲਤ ਲਿਖਦੇ ਹਨ, ਕਿ ਗੁਰੂ ਸਾਹਿਬ ਨੇ ਆਪਣੇ ਪੁੱਤਰਾਂ ਅਤੇ ਮਾਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਬੰਦਾ ਬਹਾਦਰ ਨੂੰ ਪੰਜਾਬ ਭੇਜਿਆ। ਗੁਰੂ ਸਾਹਿਬ ਜੀ ਨੇ ਕਦੇ ਆਪਣੇ ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਦੀ ਗੱਲ ਕਿਧਰੇ ਲਿਖੀ ਹੋਵੇ ਜਾਂ ਕਹੀ ਹੋਵੇ ਜਾਂ ਫਿਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪਣੇ ਪਿਤਾ, ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਬਦਲਾ ਲੈਣ ਬਾਰੇ ਕਦੇ ਸੋਚਿਆ ਹੋਵੇ। ਇਹ ਗੱਲਾਂ ਮਨਮੁਖੀ ਹਨ। ਗੁਰੂ ਸਾਹਿਬਾਨਾਂ ਦੀ ਜਿੰਦਗੀ ਹੀ ਗੁਰਬਾਣੀ ਦੀ ਵਿਆਖਿਆ ਹੈ, ਦੁਸ਼ਮਣਾਂ ਨੂੰ ਮੱਲਮ ਪੱਟੀ ਅਤੇ ਪਾਣੀ ਪਿਲਾਉਣ ਵਾਲੇ, ਪਿੱਠ ਤੇ ਵਾਰ ਨਾ ਕਰਨ ਵਾਲੇ, ਮਾਸੂਮਾਂ ਨੂੰ ਕਤਲ ਨਹੀਂ ਕਰਵਾ ਸਕਦੇ।ਬੰਦਾ ਬਹਾਦਰ ਨੇ ਜਦ ਤੱਕ ਗੁਰੂ ਸਾਹਿਬ ਦੇ ਹੁਕਮਾਂ ਦੀ ਪਾਲਣਾ ਕੀਤੀ, ਉਸ ਅੱਗੇ ਕੋਈ ਅੜਿਆ ਨਹੀਂ, ਦਿੱਲੀ ਤੋਂ ਲੈ ਕੇ ਜੰਮੂ, ਲਾਹੌਰ ਤੱਕ ਸਿੱਖ ਰਾਜ ਦੇ ਝੰਡੇ ਝੁਲਾਏ, ਥੋੜਾ ਜਿਹਾ ਸਮਾਂ 1708 ਈ: ਤੋਂ 1710 ਈ: ਦੇ ਅੰਦਰ ਹੀ ਅਤੇ ਦੋ ਸਾਲ ਹੋਰ ਜਿਧਰ ਭੀ ਗਏ ਫਤਹਿ ਹੀ ਹਾਸਿਲ ਕੀਤੀ ਇਥੋਂ ਤੱਕ ਦਿੱਲੀ ਦੇ ਹੁਕਮਰਾਨਾਂ ਨੂੰ ਭਾਜੜਾਂ ਪਈਆਂ। ਕਿਉਂਕਿ ਬੰਦਾ ਬਹਾਦਰ ਦੀ ਫੌਜ ਵਿਚ ਤਿੰਨ ਕਿਸਮ ਦੇ ਲੋਗ ਸਨ, ਗੁਰੂ ਸਾਹਿਬ ਦੇ ਸੱਚੇ ਪ੍ਰੇਮੀ, ਉਥੋਂ ਦੇ ਰਾਜ ਪ੍ਰਬੰਧ ਤੋਂ ਆਕੀ ਅਤੇ ਤੀਸਰੇ ਲੁਟੇਰੇ ਅਤੇ ਗੈਰ ਸਮਾਜੀ ਤੱਤ। ਇਸ ਕਰਕੇ, ਇਹ ਲਹਿਰ ਗੁਰੂ ਜੀ ਦੇ ਦੱਸੇ ਆਸ਼ੇ ਤੋਂ ਥਿੜਕ ਗਈ ਅਤੇ ਸਿੱਖ ਆਪਿਸ ਵਿਚ ਵੰਡੇ ਗਏ। 1714 ਈ: ਤੋਂ ਬਾਅਦ ਸਿੱਖਾਂ ਨੂੰ ਲਗਾਤਾਰ ਹਾਰਾਂ ਦਾ ਸਾਹਮਣਾ ਕਰਨਾ ਪਿਆ, ਫਰਵਰੀ 1716 ਈ: ਵਿਚ ਬੰਦਾ ਬਹਾਦਰ ਪਕੜੇ ਗਏ ਅਤੇ ਨਾਲ ਹੀ ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ।ਇਸ ਸਮੇਂ ਫਰੁਖਸੀਅਰ ਦਿੱਲੀ ਦੇ ਤਖਤ ਤੇ ਸੀ, ਅਬਦਸ ਸਮਦ ਖਾਂ ਪੰਜਾਬ { ਲਾਹੌਰ } ਦਾ ਗਵਰਨਰ ਸੀ ਅਤੇ ਇਸਤੋਂ ਬਾਅਦ ਲਾਹੌਰ ਦੇ ਤੱਖਤ ਤੇ ਬੈਠਾ ਇਸਦਾ ਪੁੱਤਰ, ਜ਼ਕਰੀਆਂ ਖਾਨ ਜਿਸਨੂੰ ਖਾਨ ਬਹਾਦਰ ਖਾਂ ਭੀ ਕਿਹਾ ਜਾਂਦਾ ਸੀ ਅਤੇ ਦਿੱਲੀ ਵਿਚ ਸ਼ਾਹ ਮੁਹੰਮਦ ਰੰਗੀਲੇ ਦਾ ਰਾਜ ਸੀ।

ਇਸ ਯੁੱਧ ਵਿੱਚ ਬਾਬਾ ਦੀਪ ਸਿੰਘ ਨੇ ਆਪਣੇ ਜਥੇ ਨਾਲ, ਸਮਾਣਾ, ਸਢੌਰਾ ਅਤੇ ਸਰਹੰਦ ਵਿਖੇ ਬੰਦਾ ਬਹਾਦਰ ਦਾ ਸਾਥ ਦਿੱਤਾ ਅਤੇ ਬੇਜੋੜ ਫਤਹਿ ਦੇ ਹਿੱਸੇਦਾਰ ਬਣੇ ਅਤੇ ਇਸਤੋਂ ਪਿਛੋਂ ਭੀ ਆਪਣਾ ਸਹਿਯੋਗ ਦਿੰਦੇ ਰਹੇ, ਅਤੇ ਬਾਅਦ ਵਿੱਚ ਜਦ ਬੰਦਾ ਬਹਾਦਰ ਦਾ ਤੱਤ ਖਾਲਸਾ ਨਾਲ ਮੱਤ ਭੇਦ ਉਭਰਨ ਲਗਾ ਤਾਂ ਆਪ ਜੀ 1714 ਈ: ਨੂੰ ਆਪਣੇ ਸਾਥੀਆਂ ਸਮੇਤ, ਵਾਪਿਸ ਦਮਾਦਮ ਸਾਹਿਬ ਪਰਤ ਆਏ ਤੇ ਉਥੇ ਆਕੇ, ਦਮਦਮੀ ਟਕਸਾਲ ਦਾ ਕਾਰਜ ਆਰੰਭ ਕੀਤਾ।

ਬਾਬਾ ਦੀਪ ਸਿੰਘ ਜੀ ਦਾ ਜਨਮ, ਅੰਮ੍ਰਿਤਸਰ ਜਿਲੇ ਦੇ ਪਿੰਡ ਪਹੂਵਿੰਡ, ਵਿਖੇ 26 ਜਨਵਰੀ, 1682 ਈ:, ਸੰਧੂ, ਜਾਤ ਦੇ ਪਿਤਾ ਭਗਤਾ ਜੀ ਅਤੇ ਮਾਤਾ ਜੀਊਣੀ ਦੇ ਘਰ ਹੋਇਆ। ਸਾਰਾ ਪਰਵਾਰ ਹੀ ਤਨ, ਮਨ ਅਤੇ ਧਨ ਦੀ ਸੇਵਾ ਕਰਨ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਹਾਜ਼ਿਰ ਰਹਿੰਦਾ ਅਤੇ ਸਾਰਾ ਪਰਿਵਾਰ ਅਨੰਦਪੁਰ ਸਾਹਿਬ ਦਰਸ਼ਨ ਕਰਨ ਆਇਆ ਤਾਂ ਸਾਰੇ ਪਰਵਾਰ ਸਮੇਤ ਦੀਪ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪ ਗੁਰੂ ਕੇ ਚਰਨਾਂ ਵਿਚ ਹੀ ਟਿਕ ਗਏ, ਬਾਕੀ ਪਰਿਵਾਰ ਵਾਪਿਸ ਆ ਗਿਆ ਸੀ। ਦੀਪ ਸਿੰਘ ਦੀ ਸਿੱਖਿਆ ਦਾ ਪ੍ਰਬੰਧ ਗੁਰੂ ਸਾਹਿਬ ਜੀ ਨੇ ਆਪਣੀ ਨਿਗਰਾਨੀ ਹੇਠ ਕਰਵਾਇਆ, ਨੇਜ਼ਾ ਬਾਜ਼ੀ, ਤੀਰ ਅੰਦਾਜ਼ੀ ਅਤੇ ਘੋੜ ਸਵਾਰੀ ਵਿੱਚ ਨਿਪੁੰਨਤਾ ਹਾਸਿਲ ਹੀ ਨਹੀਂ ਕਰਵਾਈ, ਸਗੋਂ ਗੁਰਬਾਣੀ ਦਾ ਪਵਿੱਤਰ ਬੋਧ ਭੀ ਕਰਵਾ ਦਿੱਤਾ। ਆਪ ਜੀ ਦੀ ਸਮੁੱਚੀ ਸ਼ਖਸ਼ੀਅਤ ਹੀ ਗੁਰੂ ਦਰਬਾਰ ਦੀ ਵਰੋਸਾਈ ਹੋਈ ਬਣ ਗਈ ਸੀ। ਕਸਰਤ ਕਰਕੇ, ਇਹਨਾਂ ਦੀ ਸਰੀਰ ਭੀ ਤਕੜਾ ਸੁਡੋਲ ਬਣ ਗਿਆ ਸੀ।ਇਹਨਾਂ ਨੂੰ ਭਾਈ ਮਨੀ ਸਿੰਘ ਜੀ ਦੀ ਸਿਖਿਆ ਗ੍ਰਹਿਣ ਕਰਨ ਦਾ ਸੁਭਾਗ ਮਿਲਿਆ। ਆਪ ਜੀ ਖਾਲਸੇ ਦੀ ਸਿਰਜਨਾਂ ਤੋਂ ਲੈ ਕੇ ਅਨੰਦਪੁਰ ਵਿਖੇ ਸਾਰੇ ਯੁਧਾਂ ਅਤੇ ਮੁੱਠ ਭੇੜਾਂ ਵਿਚ ਸ਼ਾਮਿਲ ਹੋਏ ਅਤੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਵਿਚਰਦੇ ਰਹੇ। 1703 ਈ: ਵਿਚ ਭਾਈ ਭਗਤ ਸਿੰਘ, ਦੁਬਾਰਾ ਗੁਰੂ ਦਰਸ਼ਨਾਂ ਲਈ ਆਏ ਤਾਂ ਗੁਰੂ ਸਾਹਿਬ ਦੀ ਆਗਿਆ ਲੈ ਕੈ, ਵਾਪਿਸ ਆਪਣੇ ਪਿੰਡ ਲੈ ਗਏ, ਉਦੋਂ ਅਨੰਦਪੁਰ ਸਾਹਿਬ ਭੀ ਸ਼ਾਂਤੀ ਹੋ ਚੁੱਕੀ ਸੀ। 1704-1705 ਈ: ਵਿਚ ਪਹਾੜੀ ਰਾਜਿਆਂ ਤੇ ਮੁਗਲਾਂ ਨੇ ਇਕੱਠੇ ਹੋ ਕੇ, ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਤਾਂ ਬਾਬਾ ਦੀਪ ਸਿੰਘ ਗੁਰੂ ਸਾਹਿਬ ਜੀ ਦੀ ਭੀ ਸੇਵਾ ਵਿਚ ਹਾਜ਼ਿਰ ਸਨ।

ਗੁਰੂ ਸਾਹਿਬ ਜੀ ਦੇ ਹੁਕਮਾਂ ਅਨੁਸਾਰ, ਆਪ ਜੀ ਦਸੰਬਰ, 1705 ਈ:ਨੂੰ ਮਾਤਾ ਸਾਹਿਬ ਦੇਵਾਂ ਅਤੇ ਮਾਤਾ ਸੁੰਦਰੀ ਜੀ ਦੇ ਸਹਾਇਕ ਦੇ ਤੌਰ ਤੇ, ਬਾਬਾ ਮਨੀ ਸਿੰਘ ਸ਼ਹੀਦ ਨਾਲ, ਦਿੱਲੀ ਗਏ। ਗੁਰੂ ਮਹਿਲਾਂ ਨੂੰ ਦਿੱਲੀ ਛੱਡਕੇ, ਗੁਰੂ ਸਾਹਿਬ ਜੀ ਦੀ ਆਗਿਆ ਨਾਲ ਤਲਵੰਡੀ ਸਾਬੋ { ਦਮਦਮਾ ਸਾਹਿਬ } ਪਹੁੰਚ ਗਏ, ਜਿਥੇ ਗੁਰੂ ਸਾਹਿਬ ਮੁਕਤਸਰ, ਜੰਗ ਜਿੱਤਣ ਬਾਅਦ ਠਹਿਰੇ ਹੋਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਥੇ, 9 ਮਹੀਨਿਆਂ ਵਿਚ ਗੁਰੁ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤਾਂ, ਭਾਈ ਮਨੀ ਸਿੰਘ ਸ਼ਹੀਦ ਅਤੇ ਭਾਈ ਦੀਪ ਸਿੰਘ ਸ਼ਹੀਦ ਤੋਂ ਤਿਆਰ ਕਰਵਾਈਆਂ। ਜਦ ਗੁਰੂ ਸਾਹਿਬ ਜੀ ਦੱਖਣ ਵੱਲ ਗਏ ਤਾਂ ਬਾਬਾ ਦੀਪ ਸਿੰਘ ਨੂੰ ਗੁਰੂ ਕੇ ਮਹਿਲਾਂ ਦੀ ਸੇਵਾ ਵਿਚ ਦਿੱਲੀ ਭੇਜ ਦਿਤਾ।

7 ਅਕਤੂਬਰ, 1708 ਈ: ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ, ਆਪ ਜੀ ਨੇ ਬੰਦਾ ਬਹਾਦਰ ਦਾ ਸਾਥ ਦਿੱਤਾ, ਜਦ ਉਹ ਪੰਜਾਬ ਆਇਆ। ਬੰਦਾ ਬਹਾਦਰ ਨਾਲ ਮੱਤ ਭੇਦ ਓਭਰਨ ਤੋਂ ਬਾਅਦ ਆਪ ਜੀ ਨੇ ਦਮਦਮਾਂ ਸਾਹਿਬ ਵਿਖੇ ਦਮਦਮੀ ਟਕਸਾਲ ਦਾ ਕਾਰਜ਼ ਆਰੰਭ ਕਰ ਦਿੱਤਾ, ਜਿਸ ਦੇ ਅਧੀਨ, ਧਾਰਮਿਕ ਗ੍ਰੰਥਾਂ ਦੀ ਵਿਦਿਆ ਦੇਣਾਂ ਤੇ ਸ਼ਸ਼ਤਰਾਂ ਦੀ ਸਿਖਲਾਈ ਦੇਣਾਂ ਸ਼ਾਮਿਲ ਸੀ। 1714 ਈ: ਤੋਂ 1726 ਈ: ਤੱਕ ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ ਅਤੇ ਦਮਦਮੀ ਬੀੜ ਦੇ ਹੱਥ ਲਿਖਤਾਂ ਦੇ, ਪਹਿਲੀ ਵਾਰ ਪੰਥ ਦੇ ਇਤਿਹਾਸਿਕ ਚਾਰ ਤੱਖਤਾਂ ਤੇ ਪ੍ਰਕਾਸ਼ ਹੋਏ। ਇਸ ਗੌਰਵ ਮਈ ਕਾਰਜ ਦਾ ਰਚੇਤਾ ਬਾਬਾ ਦੀਪ ਸਿੰਘ ਜੀ ਸ਼ਹੀਦ ਹੀ ਸਨ।

ਉਧਰ ਜ਼ਕਰੀਆ ਖਾਨ ਦੇ ਜ਼ੁਲਮ ਦੀ ਸ਼ਿਖਰ ਸੀ, 1726 ਈ: ਤੋਂ 1745 ਈ: ਤੱਕ, ਇਹ ਸਮੇਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਨੇ ਦਮਦਮੀ ਟਕਸਾਲ ਦੇ ਮੂਲ ਸੰਚਾਲਕ ਤੇ ਮੋਢੀ ਦੇ ਤੌਰ ਤੇ ਇਕ ਪਾਸੇ ਗੁਰਬਾਣੀ ਦਾ ਬੋਧ ਕਰਵਾ ਕੇ, ਗੁਰੂ ਜੀ ਦੇ ਆਦੇਸ਼ਾਂ ਅਧੀਨ 'ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ' ਸਿੱਖਾਂ ਵਿਚ ਨਵਾਂ ਧਾਰਮਿਕ ਜੋਸ਼ ਭਰਦੇ ਤਾਂ ਦੂਸਰੇ ਪਾਸੇ ਉਹ ਸਿੰਘ ਸੂਰਮਿਆਂ ਦੇ ਜੱਥੇ ਤਿਆਰ ਕਰਕੇ, ਜਿੱਥੇ ਵੀ ਜਦੋਂ ਲੋੜ ਪੈਂਦੀ, ਮੈਦਾਨੇ ਜੰਗ ਵਿਚ ਜਾ ਕੇ ਫਤਹਿ ਦੇ ਜ਼ੈਕਾਰੇ ਬੁਲਾਉਂਦੇਂ, ਦੁਸ਼ਮਣਾਂ ਦਾ ਨੱਕ ਵਿਚ ਦੰਮ ਭਰ ਦਿੰਦੇ ਅਤੇ ਹਰ ਵਕਤ ਆਪਣੇ ਮਨੋਰਥ ਵਿਚ ਸਫ਼ਲ ਹੁੰਦੇ। ਜ਼ਕਰੀਆਂ ਖਾਨ ਲਈ ਰਾਜ ਚਲਾਉਣਾ ਮੁਸ਼ਕਲ ਬਣਾ ਦਿਤਾ।

ਆਪ ਜੀ ਘੱਟੋ ਘੱਟ 36 ਸਾਲ, 1726 ਈ:ਤੋਂ 1762 ਈ: ਦਮਦਮੀ ਟਕਸਾਲ ਨਾਲ ਜੁੜੇ ਰਹੇ ਅਤੇ ਮਾਣ ਮੱਤੇ ਇਤਿਹਾਸ ਦੇ ਸਿਰਜਕ ਬਣੇ।

<u>ਸ: ਤਾਰਾ ਸਿੰਘ ਵਾਂ,</u> ਇਕ ਵਾੜੇ ਦਾ ਮਾਲਿਕ, ਬੁੱਟਰ ਗੋਤ ਦਾ ਕਿਸਾਨ ਸੀ ਅਤੇ ਇਸਦਾ ਘਰ ਹਾਕਮਾਂ ਦੇ ਸਤਾਏ ਹੋਏ ਸਿੰਘਾਂ ਦੀ ਆਰਾਮ ਗਾਹ ਸੀ। ਆਪ ਜੀ ਦਾ ਜਨਮ 1702 ਈ: ਨੂੰ ਹੋਇਆ ਅਤੇ ਭਾਈ ਮਨੀ ਸਿੰਘ ਸ਼ਹੀਦ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਅਤੇ ਆਪ ਜੀ ਤੋਂ ਪ੍ਰਭਾਵਤ ਹੋ ਕੇ ਕਈਆਂ ਸਿੰਘਾਂ ਨੇ ਅੰਮ੍ਰਿਤ ਛਕਿਆ। 1726 ਈ: ਵਿਚ ਨੌਸ਼ਹਿਰਾ ਭੜਾਨਾ ਦੇ ਚੌਧਰੀ, ਸਾਹਿਬ ਰਾਇ ਨੇ ਸਿੰਘਾਂ ਦੇ ਖੇਤਾਂ ਵਿਚ ਉਜਾੜੇ ਲਈ, ਆਪਣੀਆਂ ਘੋੜੀਆਂ ਛੱਡਣੀਆ ਸ਼ੁਰੂ ਕਰ ਦਿਤੀਆਂ। ਰੋਕਣ ਤੇ ਚੌਧਰੀ ਕਹਿਣ ਲੱਗਾ," ਤੁਹਾਡੇ ਕੇਸਾਂ ਦੇ ਰੱਸੇ ਬਣਾ ਕੇ ਹੀ ਇਹਨਾਂ ਨੂੰ ਬੰਨਾਂਗਾ।" ਸਿੰਘਾਂ ਨੇ ਘੋੜੀਆਂ ਨੂੰ ਫੜ ਕੇ ਵੇਚ ਦਿਤਾ ਅਤੇ ਪੈਸੇ ਸ: ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿਤੇ। ਲਾਹੌਰ ਸ਼ਿਕਾਇਤ ਪਹੁੰਚਣ ਤੇ, ਤਕੜੇ ਜੰਗ ਬਾਅਦ ਜਾਫਰ ਬੇਗ ਦੇ 50 ਸੈਨਿਕ ਮਾਰੇ ਗਏ ਅਤੇ ਜਾਫਰ ਬੇਗ ਨੂੰ ਨੱਠ ਜਾਣ ਲਈ ਮਜ਼ਬੂਰ ਹੋਣਾ ਪਿਆ। ਜਿਸ ਵਿਚ ਸ: ਬਘੇਲ ਸਿੰਘ ਨੇ ਜਾਫ਼ਰ ਬੇਗ ਦੇ ਭਤੀਜੇ ਨੂੰ ਮੌਤ ਦੇ ਘਾਟ ਉਤਾਰ ਕੇ ਆਪ ਭੀ ਸ਼ਹੀਦੀ ਪ੍ਰਾਪਤ ਕੀਤੀ। ਇਸੇ ਹਾਰ ਦਾ ਬਦਲਾ ਲੈਣ ਲਈ, ਜ਼ਕਰੀਆ ਖਾਨ ਨੇ ਮੋਮਨ ਖਾਂ ਨੂੰ ਮੁੱਠੀ ਭਰ ਸਿੰਘਾਂ ਦੇ ਮੁਕਾਬਲੇ ਲਈ 2200 ਅਸਵਾਰਾਂ ਦੀ ਫੌਜ ਨਾਲ'ਜਹਾਦ' ਦਾ ਨਾਹਰਾ ਲਾ ਕੇ ਭੇਜਿਆ। ਕੇਵਲ 22 ਸਿੰਘਾਂ ਨੇ, ਤੁਰਕ ਫੌਜ ਨੂੰ ਆਪਣੇ 300 ਸੈਨਿਕ ਮਰਵਾ ਕੇ ਨੱਠਣ ਲਈ ਮਜ਼ਬੂਰ ਕੀਤਾ। ਪਰ ਭਾਈ ਤਾਰਾ ਸਿੰਘ ਵਾਂ ਨੇ ਭੀ ਅਦੁੱਤੀ ਬੀਰਤਾ ਨਾਲ ਸ਼ਹਾਦਤ ਪ੍ਰਾਪਤ ਕੀਤੀ, ਇਸ ਸ਼ਹਾਦਤ ਨੇ ਜੰਗਲਾਂ ਵਿਚ ਲੁਕੇ ਸਿੰਘਾਂ ਨੂੰ ਨਵਾਂ ਰੋਹ ਅਤੇ ਜੋਸ਼ ਭਰ ਦਿਤਾ। ਉਹ ਜਥੇ ਬਣਾ ਕੇ ਮੁਗਲਾਂ ਦੇ ਖ਼ਜ਼ਾਨੇ ਲੁੱਟਣ ਲੱਗ ਪਏ ਅਤੇ ਡਟ ਕੇ ਮੁਕਾਬਲੇ ਕਰਨ ਲੱਗੇ।

<u>ਭਾਈ ਮਨੀ ਸਿੰਘ ਸ਼ਹੀਦ</u> ਜੀ ਦਾ ਜਨਮ 1644 ਈ: ਮਾਈ ਦਾਸ, ਪੁੱਤਰ ਬੱਲੂ ਦੇ ਘਰ, ਮਾਤਾ ਮਧਰੀ ਬਾਈ ਦੀ ਕੁਖੋਂ, ਅਲੀਪੁਰ ਉੱਤਰੀ, ਜ਼ਿਲਾ ਮੁਜ਼ਫਰਗੜ੍ਹ, ਪਾਕਿਸਤਾਨ ਵਿਚ,{ ਇਤਿਹਾਸਕਾਰਾਂ ਮੁਤਾਬਕ ਇਹਨਾਂ ਦਾ ਜਨਮ, ਦੁੱਲਟ ਜਾਤ ਅਤੇ ਪੰਜਾਬ ਵਿਚ ਸਹੀ ਨਹੀਂ ਸਾਬਤ ਹੁੰਦਾ} ਪੰਵਾਰ ਰਾਜਪੂਤ ਘਰਾਣੇ ਵਿਚ ਹੋਇਆ। ਇਹਨਾਂ ਦੇ ਪਰਵਾਰ ਦੀਆਂ ਬੇਓੜਕ ਸ਼ਹਾਦਤਾਂ ਗੁਰੂ ਪ੍ਰਤੀ ਅਥਾਹ ਸ਼ਰਧਾ ਤੇ ਪਿਆਰ ਦੀ ਗਵਾਹੀ ਭਰਦੀਆਂ ਹਨ। ਇਹਨਾਂ ਸ਼ਹਾਦਤਾਂ ਵਿਚ, ਇਹਨਾਂ ਦੇ ਦਾਦੇ ਭਾਈ ਬੱਲੂ, ਆਪਣੀ, 10 ਭਰਾਂਵਾਂ, 7 ਪੁਤਰਾਂ, 10 ਪੋਤਰਿਆਂ ਦਾ ਨਾਮ ਕਾਬਲੇ ਤਾਰੀਫ ਹਨ । ਇਹਨਾਂ ਦੀ ਪਤਨੀ ਸੀਤੋ ਬਾਈ, ਭਾਈ ਲੱਖੀ ਸ਼ਾਹ ਵਣਜਾਰਾ ਦੀ ਬੇਟੀ ਸੀ ਜਿਹਨਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਆਪਣੇ ਘਰ ਨੂੰ ਅੱਗ ਲਾ ਕੇ ਕੀਤਾ ਸੀ। ਇਹ ਸਿੱਖਾਂ ਨੂੰ , 1734 ਈ: ਦੀ ਵਿਸਾਖੀ ਵੇਲੇ ਸਿੱਖਾ ਦੇ ਹੋਣ ਵਾਲੇ ਇਕੱਠ ਤੇ ਧੋਖੇ ਨਾਲ ਕੀਤੇ ਜਾਣ ਵਾਲੇ ਹਮਲੇ ਤੋਂ ਬਚਾਉਣ ਦੀ ਖਾਤਿਰ, ਸ਼ਹੀਦ ਹੋਏ। ਇਸਦੇ ਮੁਖ ਕਾਰਣ ਇਹ ਭੀ ਸੀ ਕਿ ਖਾਨ ਬਹਾਦਰ ਜ਼ਕਰੀਆ ਖਾਂ, ਸਿੱਖਾਂ ਨੂੰ ਹਰ ਹੀਲੇ ਖਤਮ ਕਰਨਾ ਚਾਹੁੰਦਾ ਸੀ ਅਤੇ ਭਾਈ ਮਨੀ ਸਿੰਘ ਦਾ ਖਾਲਸੇ ਦੀ ਅਗਵਾਈ ਦਾ ਯੋਗਦਾਨ ਦਾ ਉਸਨੂੰ ਪਤਾ ਸੀ, ਤਦ ਇਹ ਇਕ ਬਹਾਨਾ ਮਿਲ ਗਿਆ ਸੀ। ਇਹਨਾਂ ਨੂੰ ਲਾਹੌਰ ਲਿਜਾ ਕੇ, ਸ਼ਾਹੀ ਕਿਲੇ ਦੇ ਲਾਗੇ, ਚੌਂਕ ਨਿਖਾਸ ਵਿਚ ਬੰਦ ਬੰਦ ਕਟ ਕੇ ਸ਼ਹੀਦ ਕੀਤਾ ਗਿਆ।

1739 ਈ: ਵਿਚ ਨਾਦਰਸ਼ਾਹ ਜਦੋਂ ਦਿੱਲੀ ਤੋਂ ਲੁਟਮਾਰ ਕਰਕੇ ਵਾਪਿਸ ਜਾ ਰਿਹਾ ਸੀ ਤਾਂ ਖਾਲਸਾ ਦਲਾਂ ਨੇ ਅਖਨੂਰ ਦੇ ਨੇੜੇ ਦਰਿਆ ਚਨਾਬ ਤੇ ਉਸਦਾ ਸਾਰਾ ਸਮਾਨ ਲੁੱਟ ਲਿਆ। ਜ਼ਬਰਦਸਤ ਮੁਕਾਬਲੇ ਦੇ ਬਾਵਜੂਦ ਸਿਖਾਂ ਨੇ ਤਿੰਨ ਰਾਤਾਂ ਨਾਦਰ ਸ਼ਾਹ ਤੇ ਹਮਲੇ ਕੀਤੇ ਅਤੇ ਤੀਸਰੀ ਰਾਤ ਤਾਂ ਉਸਤੋਂ ਹਿੰਦੂ ਲੜਕੀਆਂ ਜੋ ਵਡੀ ਗਿਣਤੀ ਵਿਚ ਪਕੜ ਕੇ ਲੈ ਆਇਆ ਸੀ ਉਹ ਬਿਨਾਂ ਕਿਸੇ ਲੜਕੀ ਦੇ ਨੁਕਸਾਨ ਤੋਂ ਛੁਡਾ ਲਿਆ ਅਤੇ ਉਹਨਾਂ ਨੂੰ ਸਤਿਕਾਰ ਪੂਰਵਕ ਉਹਨਾਂ ਦੇ ਪਰਵਾਰਾਂ ਦੇ ਹਵਾਲੇ ਕੀਤਾ। ਨਾਦਰ ਸ਼ਾਹ ਕੁਝ ਭੀ ਨਾ ਕਰ ਸਕਿਆ ਜਦ ਕਿ ਉਸਦੀ ਫੌਜ ਨੇ ਪੂਰਾ ਵਾਹ ਲਾਇਆ।

ਇਨ੍ਹੀ ਬੇਵਸੀ ਅਤੇ ਹਾਰ ਖਾਣ ਬਾਅਦ, ਨਾਦਰ ਸ਼ਾਹ ਨੇ ਜ਼ਕਰੀਆਂ ਖਾਂ ਨੂੰ ਝਾੜਾਂ ਪਾਈਆਂ ਅਤੇ ਉਹ ਬਹੁਤ ਸ਼ਰਮਿੰਦਾ ਹੋਇਆ। ਉਸਨੇ ਕਿਹਾ ਕਿ, "ਛੇਤੀ ਹੀ ਸਿੱਖ ਤੁਹਾਡੇ ਤੋਂ ਪੰਜਾਬ ਖੋਹ ਲੈਣਗੇ"।' ਬਸ ਫਿਰ ਕੀ ਸੀ ਜ਼ਕਰੀਆਂ ਖਾਂ ਨੇ ਜ਼ੁਲਮ ਦੇ ਝੱਖੜ ਝੁਲਾ ਦਿੱਤੇ, ਇਸ ਜੁਲਮ ਦੇ ਸਾਂਝੀਦਾਰਾਂ ਵਿਚੋਂ ਕੁਝ ਇਹ ਵੀ ਸਨ, ਜਿਵੇਂ ਹਰਿਭਗਤ ਨਿਰੰਜਨੀਆਂ ਜੰਡਿਆਲੇ ਵਾਲਾ, ਕਰਮਾ ਛੀਨਾ, ਰਾਮਾ ਰੰਧਾਵਾ, ਧਰਮ ਦਾਸ ਅਤੇ ਮੱਸਾ ਰੰਗੜ। ਇਹ ਪਾਪੀ, ਸਿੱਖਾ ਬਾਰੇ ਸੂਹਾਂ ਕੱਢਦੇ ਅਤੇ ਦੁਸ਼ਮਨਾਂ ਨਾਲ ਜਾਕੇ ਕਈ ਵਾਰ ਸੂਰਮਿਆਂ ਨੂੰ ਕਤਲ ਭੀ ਕਰਵਾਂਉਦੇ।

ਸਿੱਖਾਂ ਤੇ ਜ਼ੁਲਮ ਦੀ ਤਸਵੀਰ ਇਸਤਰ੍ਹਾਂ ਸੀ:

ੳ. ਸਿੱਖਾਂ ਬਾਰੇ ਸੂਹ ਦੱਸਣ ਵਾਲੇ ਨੂੰ ਇਨਾਮ- 10 ਰੁਪਏ।
ਅ. ਇਕ ਸਿੱਖ ਨੂੰ ਮਾਰਨ ਵਾਲੇ ਨੂੰ ਇਨਾਮ- 50 ਰੁਪਏ।
ੲ. ਸਿੱਖਾਂ ਦੇ ਕੇਸ ਕਤਲ ਕਰਨ ਦਾ ਇਨਾਮ- ਦੁਸ਼ਾਲਾ।

ਸਿਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਇਹਨਾਂ ਦਾ ਜੰਗਲੀ ਜਾਨਵਰਾਂ ਵਾਂਗ ਸ਼ਿਕਾਰ ਕੀਤਾ ਜਾਣਾ ਸ਼ੁਰੂ ਹੋ ਗਿਆ। ਸਿੰਘਾਂ ਦਾ ਪੱਤਾ ਪੱਤਾ ਵੈਰੀ ਬਣ ਗਿਆ। ਸਿੱਖਾਂ ਦੇ ਘਰ ਸਾੜ ਦਿੱਤੇ ਗਏ ਬੱਚੇ ਬੁਢੇ ਤੇ ਜ਼ਨਾਨੀਆਂ ਦਾ ਲਿਹਾਜ ਨਾ ਕੀਤਾ ਗਿਆਂ।ਦਰਬਾਰ ਸਾਹਿਬ ਜਾਣ ਅਤੇ ਇਸ਼ਨਾਨ ਕਰਨ ਦੀ ਪਾਬੰਦੀ ਲਗਾ ਦਿੱਤੀ। ਨਤੀਜੇ ਵਜੋਂ, ਨਿਰੰਜਨੀਆਂ ਜੰਡਿਆਲੇ ਵਾਲੇ ਅਤੇ ਇਹਦੇ ਸਾਥੀਆਂ ਨੇ, ਸਿੱਖਾਂ ਦੇ ਖਾਤਮੇ ਲਈ ਹੋਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਬਹੁਤੇ ਸਿੱਖ ਰਾਜਸਥਾਨ ਦੇ ਥਲਾਂ, ਜੰਮੂ, ਕਠੂਆ, ਕਾਂਗੜੇ ਦੀਆ ਪਹਾੜੀਆਂ ਵੱਲ ਨਿਕਲ ਗਏ, ਪਰ ਕੁਝ ਸਿੰਘ ਇਨ੍ਹੀ ਸਖਤੀ ਦੇ ਬਾਵਜੂਦ ਪਿੰਡਾਂ ਵਿਚ ਪਿੱਛੇ ਰਹਿੰਦੇ ਰਹੇ।

ਇਸ ਜ਼ੁਲਮ ਦੇ ਹਨ੍ਹੇਰੇ ਵਿਚ ਕੁਝ ਕੁ ਬਹੁਤ ਦਲੇਰਾਨਾਂ ਸਿੰਘਾਂ ਦੇ ਕਾਰਨਾਮੇ, ਆਪਣੇ ਆਪ ਵਿਚ ਰਹਿੰਦੀ ਦੁਨੀਆਂ ਤੱਕ ਅਦੁੱਤੀ ਮਿਸ਼ਾਲਾਂ ਬਣ ਕੇ ਦੁਨੀਆਂ ਦਾ ਮਾਰਗ ਦਰਸ਼ਕ ਬਣੀਆਂ ਰਹਿਣਗੀਆਂ। 1739 ਈ; ਵਿਚ ਹੀ <u>ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਰੰਗਰੇਟਾ ਨੇ</u> ਲੁਕ ਛਿਪ ਕੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰ ਕੇ ਤੁਰ ਆਉਣ ਦਾ ਆਪ ਦਾ ਨੇਮ ਸੀ। ਮੁਗਲ ਲੋਕ ਕਹਿ ਰਹੇ ਸਨ ਕਿ ਸਿੱਖ ਖ਼ਤਮ ਹੋ ਗਏ ਹਨ ਅਤੇ ਮੁਗਲਾਂ ਨੇ ਜਦ ਇਹਨਾਂ ਨੂੰ ਦੇਖਿਆ ਤਾਂ ਆਪਸ ਵਿਚ ਘੁਸਰ ਮੁਸਰ ਕਰਨ ਲੱਗ ਪਏ, " ਸਿੱਖਾਂ ਦਾ ਖਾਨ ਸਾਹਿਬ ਨੇ ਖੁਰਾ ਖੋਜ ਮਿਟਾ ਦਿੱਤਾ ਹੈ। ਇਹ ਸਿੱਖ ਨਹੀਂ, ਬਹੁ ਰੂਪੀਏ ਲਗਦੇ ਹਨ"। ਸਿੱਖਾਂ ਵਾਸਤੇ ਇਸਤੋਂ ਵੱਡੀ ਚੁਨੌਤੀ ਕੀ ਹੋ ਸਕਦੀ ਸੀ? ਇਹਨਾਂ ਨੇ ਤਰਨਤਾਰਨ ਤੋਂ ਝਬਾਲ ਵਾਲੀ ਸੜਕ ਤੇ ਸਥਿਤ 'ਸਰਾਏ ਨੂਰਦੀ' ਤੇ ਡੇਰੇ ਲਾ ਲਏ। ਉਸਦੀ ਮੁਰੰਮਤ ਕਰ ਲਈ ਅਤੇ ਰਹਿਣ ਯੋਗ ਬਣਾ ਲਈ, ਇਥੇ ਲੰਗਰ ਭੀ ਲਗਾ ਦਿੱਤੇ। ਗੋਇੰਦਵਾਲ ਤੋਂ ਦਿੱਲੀ ਜਾਣ ਲਈ ਬਿਆਸ ਦਰਿਆ ਪਾਰ ਕਰਨਾ ਪੈਦਾਂ ਸੀ ਅਤੇ ਇਹ ਆਮ ਵਗਦਾ ਰਸਤਾ ਸੀ ਇਸਦੇ ਉਤੇ ਆਪਣਾ ਚੁੰਗੀ ਨਾਕਾ ਲਗਾ ਲਿਆ। ਖੋਤੇ ਤੇ ਭਾਰ ਲੈ ਜਾਣ ਵਾਲੇ ਤੋਂ ਇਕ ਪੈਸਾ, ਗੱਡੇ ਤੇ ਭਾਰ ਲੈ ਜਾਣ ਵਾਲੇ ਕੋਲੋਂ ਇਕ ਆਨੇਂ ਦੀ ਚੁੰਗੀ ਦੀ ਉਗਰਾਹੀ ਲੈਣੀ ਸ਼ੁਰੂ ਕਰ ਦਿੱਤੀ। ਮੁਗਲ ਰਾਜ ਵਾਸਤੇ, ਇਕ ਚੁਨੌਤੀ ਖੜੀ ਕਰ ਦਿੱਤੀ। ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਸ਼ੁਰੂ ਕਰ ਦਿੱਤਾ। ਹੈਰਾਨੀ ਦੀ ਗੱਲ ਇਹ ਸੀ ਕਿ ਕਿਸੇ ਨੇ ਵਿਰੋਧ ਨਹੀਂ ਕੀਤਾ ਅਤੇ ਨਾਂਹੀ ਕਿਸੇ ਨੇ ਲਾਹੌਰ ਦੇ ਸੂਬੇਦਾਰ ਕੋਲ ਇਸ ਦਲੇਰੀ ਦੀ ਸ਼ਿਕਾਇਤ ਹੀ ਕੀਤੀ। ਸਿੰਘ ਤਾਂ ਇਹ ਦੱਸਣਾ ਚਾਹੁੰਦੇ ਸਨ ਕਿ ਸਿੱਖਾਂ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ, ਸਿੰਘਾਂ ਨੇ ਇਸ ਬਗਾਵਤ ਦੀ ਸੂਚਨਾਂ ਆਪ ਹੀ ਜ਼ਕਰੀਆ ਖਾਨ ਦੀ ਭੈਣ ਨੂੰ ਦਿੱਤੀ ਅਤੇ ਉਸਦੀ ਭੈਣ ਨੂੰ 'ਭਾਬੀ ' ਕਿਹਾ। ਮਤਲਬ ਭੀ ਸਾਫ ਨਜ਼ਰ ਆਉਂਦਾ ਹੈ। ਸਿੰਘ ਸਾਹਿਬ ਨੇ ਇਹ ਲਿਖ ਭੇਜਿਆ:

**ਚਿੱਠੀ ਲਿਖੀ ਯੋਂ ਸਿੰਘ ਬੋਤਾ। ਹੱਥ ਹੈ ਸੋਟਾ ਵਿੱਚ ਰਾਹ ਖੜੋਤਾ।**
**ਆਨਾਂ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ। ਆਖ ਭਾਬੀ ਖਾਨੇ ਨੂੰ ਯੋਂ ਆਖੈ ਸਿੰਘ ਬੋਤਾ।**

ਆਖਿਰ, ਜ਼ਕਰੀਆ ਖਾਨ ਨੂੰ ਇਹ ਬਗਾਵਤ ਖਤਮ ਕਰਨ ਲਈ, 101 ਘੋੜ ਸਵਾਰਾਂ ਦੀ ਫੌਜ ਨਾਲ ਇਹਨਾਂ ਨੂੰ ਫੜਣ ਵਾਸਤੇ ਭੇਜਣਾ ਪਿਆ। ਜਦ ਉਹਨਾਂ ਨੇ ਸਿੰਘਾਂ ਨੂੰ ਮਾਫ਼ੀ ਮੰਗ ਕੇ ਜਾਨ ਬਚਾਉਣ ਦੀ ਸਲਾਹ ਦਿੱਤੀ ਤਾਂ ਇਹਨਾਂ ਕਿਹਾ ਕਿ ਉਹ ਮਰਨਾਂ ਤੱਕਦੇ ਹਨ ਗੁਰੂ ਦੇ ਦਰਬਾਰ ਵਿਚ, ਮੁਆਫ਼ੀ ਮੰਗਣ ਦਾ ਤਾਂ ਸਵਾਲ ਹੀ ਨਹੀਂ। ਇੰਝ ਇਹਨਾਂ ਨੇ 80 ਮੁਗਲਾਂ ਨੂੰ ਮਾਰ ਕੇ ਆਪ ਸ਼ਹੀਦੀ ਜ਼ਾਮ ਪੀਤਾ। ਇਹ ਦੱਸਣ ਵਿਚ ਕਾਮਯਾਬ ਹੋਏ ਕਿ ਸਿੰਘ ਖਤਮ ਨਹੀਂ ਕੀਤੇ ਜਾ ਸਕਦੇ, ਇਹ ਮਰਜੀਵੜਿਆਂ ਦੀ ਕੌਮ ਹੈ।

ਭਾਈ ਮਹਿਤਾਬ ਸਿੰਘ ਜੀ { ਭੰਗੂ } ਅਤੇ ਭਾਈ ਸੁੱਖਾ ਸਿੰਘ ਜੀ { ਕਲਸੀ } ਨੇ 1740 ਈ: ਵਿਚ ਉਹ ਕਾਰਨਾਮਾ ਕੀਤਾ, ਜਿਸਦੇ ਬਰਾਬਰ ਦੁਨੀਆਂ ਭਰ ਵਿਚ ਮਿਸਾਲ ਮਿਲਣੀ ਮੁਸ਼ਕਲ ਹੈ। ਅੰਮ੍ਰਿਤਸਰ ਦੇ ਫੌਜਦਾਰ, ਮੱਸਾ ਰੰਗੜ ਮੰਡਿਆਲੀ ਵਾਲੇ ਨੇ ਸ੍ਰੀ ਦਰਬਾਰ ਦੀ ਬੇਹੁਰਮਤੀ ਕੀਤੀ ਹੋਈ ਸੀ, ਦਰਬਾਰ ਸਾਹਿਬ ਵਿਚ ਆਪ ਮੰਜਾ ਡਾਹਕੇ ਸ਼ਰਾਬ ਪੀਂਦਾ ਅਤੇ ਕੰਜਰੀਆਂ ਨਚਾਉਂਦਾ ਸੀ। ਇਸ ਦੀ ਖ਼ਬਰ ਜਦ ਇਹਨਾਂ ਨੂੰ ਇਹਨਾਂ ਦੀ ਰਿਹਾਇਸ਼, ਜੈਪੁਰ, ਰਾਜਸਥਾਨ ਵਿਚ ਪਹੁੰਚੀ ਤਾਂ ਇਹਨਾਂ ਨੇ ਕਸਮ ਖਾਧੀ ਕਿ ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਉਣਾ ਹੈ। ਦੋਹਾਂ ਸਿੰਘਾਂ ਨੇ ਜੱਥੇਦਾਰ ਬੁੱਢਾ ਸਿੰਘ ਤੋਂ ਆਗਿਆ ਲਈ। ਇਹਨਾਂ ਨੇ ਠਿੱਕਰੀਆਂ ਨੂੰ ਰੁਪਇਆਂ ਦਾ ਰੂਪ ਦੇ ਕੇ ਬੋਰੀਆਂ ਵਿਚ ਪਾ ਲਿਆ। ਆਪਣਾ ਪਹਿਰਾਵਾ ਭੀ ਨੰਬਰਦਾਰਾਂ ਵਾਲਾ ਬਣਾ ਲਿਆ ਸੀ। ਸਾਰੇ ਸੁਰੱਖਿਆ ਕਰਮਚਾਰੀਆਂ ਨੇ ਬਿਨਾਂ ਰੋਕ ਅੰਦਰ ਜਾਣਾ ਦਿੱਤਾ। ਮੱਸਾ, ਸ਼ਰਾਬ ਪੀਣ ਕਰਕੇ ਮਦਹੋਸ਼ ਸੀ। ਇਹਨਾਂ ਜਦ ਇਹ ਠਿੱਕਰੀਆਂ ਦੀਆਂ ਬੋਰੀਆਂ, ਉਗਰਾਹੇ ਮੁਆਮਲੇ ਦੇ ਰੂਪ ਵਿਚ ਅੱਗੇ

ਰੱਖੀਆਂ ਤਾਂ ਜਦ ਇਹ ਝੁਕਕੇ ਫ਼ੜਨ ਲੱਗਾ ਤਾਂ ਭਾਈ ਮਹਿਤਾਬ ਸਿੰਘ ਨੇ ਬਿਜਲੀ ਦੀ ਫੁਰਤੀ ਦਿਖਾਉਂਦੇ ਹੋਏ, ਕਿਰਪਾਨ ਨਾਲ ਇਸਦੀ ਧੌਣ ਲਾਹ ਦਿੱਤੀ। ਖ਼ੂਨ ਦੀਆਂ ਧਾਰਾਂ ਦੂਰ ਦੂਰ ਤੱਕ ਗਈਆਂ, ਸਾਰੇ ਪਾਸੇ ਸੰਨਾਟਾ ਛਾ ਗਿਆ। ਇੰਨੀ ਹੀ ਤੇਜੀ ਨਾਲ ਇਹ ਬਾਹਰ ਆ ਗਏ। ਮੌਸਮ ਗਰਮੀ, ਦੁਪਹਿਰ ਦਾ ਸਮਾਂ, ਕਦੇ ਮੀਂਹ ਪੈਂਦਾ ਕਦੇ ਕੜਕਦੀ ਧੁੱਪ ਅਤੇ ਤੇਜ਼ ਹਨੇਰੀ ਭੀ ਚਲ ਰਹੀ ਸੀ। ਕਿਉਂਕਿ ਇਸ ਹਮਲੇ ਬਾਰੇ ਕਿਸੇ ਨੇ ਕਦੇ ਸੋਚਿਆ ਭੀ ਨਹੀ ਹੋਣਾ ਅਤੇ ਖਰਾਬ ਮੌਸਮ ਕਾਰਣ ਸੁਰਖਿਆ ਕਰਮੀ ਅੰਦਰ ਹੀ ਲੁਕੇ ਬੈਠੇ ਹੋਏ ਸਨ, ਇਹ ਸਾਰੇ ਕਾਰਣਾਂ ਕਰਕੇ, ਇਹਨਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਬਾਹਰ ਆਉਣ ਵਿਚ ਮੱਦਦ ਮਿਲ ਗਈ। ਇਸ ਘਟਨਾ ਦਾ ਉਸ ਸਮੇਂ ਇਤਿਹਾਸਕ ਤੌਰ ਤੇ ਬਹੁਤ ਅਸਰ ਹੋਇਆ। ਸਰਕਾਰ ਨੇ ਇਹ ਅਫ਼ਵਾਹ ਫੈਲਾਈ ਹੋਈ ਸੀ ਕਿ ਸਿੱਖ ਕੌਮ ਖਤਮ ਕਰ ਦਿੱਤੀ ਗਈ ਹੈ। ਇਸ ਨਾਲ ਇਹ ਪਤਾ ਲਗ ਗਿਆ ਕਿ ਸਿੱਖ ਜੀਊਂਦੇ ਜਾਗਦੇ ਹਨ ਤੇ ਉਹ ਆਪਣੇ ਦੁਸ਼ਮਣਾਂ ਤੋਂ ਬਦਲਾ ਲੈ ਸਕਦੇ ਹਨ। ਹਰਿ ਭਗਤ ਨਿਰੰਜਨੀਆਂ ਨੇ ਭਾਈ ਮਹਿਤਾਬ ਸਿੰਘ ਨੂੰ ਫੜਾ ਦਿੱਤਾ ਅਤੇ ਭਾਈ ਮਹਿਤਾਬ ਸਿੰਘ ਨੂੰ ਚਰਖੜੀ ਤੇ ਚਾੜ੍ਹ ਕੇ 1745 ਈ : ਸ਼ਹੀਦ ਕੀਤਾ ਗਿਆ। ਭਾਈ ਸੁੱਖਾ ਸਿੰਘ ਨੇ 1740 ਈ: ਤੋਂ ਲੈ ਕੇ 1753 ਈ; ਤੱਕ ਕਈ ਉੱਘੇ ਕਾਰਨਾਮੇ ਕੀਤੇ, ਆਖਿਰ 1753 ਈ: ਵਿਚ ਮੀਰ ਮੰਨੂ ਨਾਲ ਯੁਧ ਵਿਚ ਸ਼ਹੀਦ ਹੋ ਗਏ।

<u>ਭਾਈ ਤਾਰੂ ਸਿੰਘ ਜੀ ਸ਼ਹੀਦ</u> ਨੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਇਹਨਾਂ ਦੀ ਕੁਰਬਾਨੀ ਹਰ ਸਿੱਖ ਯਾਦ ਕਰਦਾ ਹੈ, ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ, 'ਖੋਪਰੀਆਂ ਲੁਹਾਈਆਂ'। ਸਿੱਖੀ ਸਿਦਕ ਬਰਕਰਾਰ ਰੱਖਣ ਵਾਸਤੇ, ਦੁਸ਼ਮਣਾਂ ਨੂੰ ਕੇਸ ਕੱਟਣ ਦੀ ਇਜ਼ਾਜ਼ਤ ਨਾਂ ਦਿੱਤੀ, ਸਗੋਂ ਕੇਸਾ ਨਾਲ ਖੋਪਰੀ ਉਤਰਵਾਉਣੀ ਮਨਜ਼ੂਰ ਕੀਤੀ। ਇਹਨਾਂ ਦਾ ਦੋਸ਼ ਕੇਵਲ ਇਹ ਸੀ ਕਿ ਇਹ ਬਿਪਤਾ ਮਾਰੇ ਸਿੰਘਾਂ ਦੀ ਰਾਤ ਬਰਾਤੇ ਅੰਨ ਦਾਣੇ ਦੀ ਸਹਾਇਤਾ ਕਰਦੇ ਅਤੇ ਸਿੰਘ ਲੋੜ ਪੈਣ ਤੇ ਹਨ੍ਹੇਰੇ ਸਵੇਰੇ ਕੁਝ ਸਮਾਂ ਰਹਿ ਭੀ ਸਕਦੇ। ਜ਼ਕਰੀਆ ਖਾਨ ਨੇ, 1 ਜੁਲਾਈ 1745ਈ: ਨੂੰ ਇਹਨਾਂ ਨੂੰ ਸ਼ਹੀਦ ਕਰਵਾ ਦਿੱਤਾ। ਇਤਿਹਾਸ ਗਵਾਹ ਹੈ ਕਿ ਜਦ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰੀ ਜਾ ਰਹੀ ਸੀ ਤਾਂ ਨਵਾਬ ਜ਼ਕਰੀਆ ਖਾਨ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ, ਬੜੇ ਉਪਾਵ ਕੀਤੇ,ਪਰ ਨਵਾਬ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਗਈ। ਆਖਿਰ ਨਵਾਬ ਨੇ ਸ਼ਹਿਰ ਦੇ ਮਿਲਵਰਤਣ ਵਾਲੇ ਸਿੰਘਾਂ ਨੂੰ ਕਿਹਾ, "ਮੇਰੀ ਖਤਾ ਭਾਈ ਤਾਰੂ ਸਿੰਘ ਤੋਂ ਬਖ਼ਸ਼ਾ ਦੇਵੋ"।ਕਹਿੰਦੇ ਹਨ, ਭਾਈ ਤਾਰੂ ਸਿੰਘ 21 ਦਿਨ ਖੋਪਰੀ ਉਤਾਰੇ ਜਾਣ ਤੋਂ ਬਾਅਦ ਜਿੰਦਾ ਰਹੇ। ਇਸ ਬਿਪਤਾ ਸਮੇਂ ਨਵਾਬ ਨੇ ਖਾਲਸੇ ਦੇ ਭੇਂਟ ਲਈ 5000 ਰੁਪਏ ਦੇ ਕੇ ਕਾਹਨੂੰਵਾਨ ਦੇ ਛੰਭ ਵੱਲ ਭੇਜਿਆ। ਸਿਖਾਂ ਨੇ ਕਿਹਾ ਕਿ, " ਭਾਈ ਤਾਰੂ ਸਿੰਘ ਦੀ ਜੁੱਤੀ ਤੁਰਕ ਦੇ ਸਿਰ ਲਾਈ ਜਾਵੇ ਤਾਂ ਪਿਸ਼ਾਬ ਖੁੱਲ੍ਹ ਸਕਦਾ ਹੈ"। ਜਿਉਂ ਜਿਉਂ ਭਾਈ ਤਾਰੂ ਸਿੰਘ ਦੀ ਜੁੱਤੀ ਖਾਨ ਬਹਾਦਰ ਜ਼ਕਰੀਆ ਖਾਨ ਦੇ ਵੱਜਦੀ ਰਹੀ ਉਸਨੂੰ ਆਰਾਮ ਆਉਂਦਾ ਰਿਹਾ। ਆਖਿਰ ਖਾਨ ਭੀ ਸਿੰਘਾਂ ਦਾ ਦੋਖੀ, ਦੁਖ ਭੋਗਦਾ ਭੋਗਦਾ ਥੋੜੇ ਦਿਨਾਂ ਬਾਅਦ ਹੀ ਮਰ ਗਿਆ। ਇਹ ਘਟਨਾਂ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ।

1732 ਈ: ਵਿਚ, ਬਾਬਾ ਦੀਪ ਸਿੰਘ ਜੀ ਨੇ ਬਾਬਾ ਆਲਾ ਸਿੰਘ ਦੀ ਸਹਾਇਤਾ ਕੀਤੀ, ਜਦੋਂ ਭੱਟੀ ਤੇ ਮੰਝ ਰਾਜਪੂਤਾਂ ਨੇ ਉਸਨੂੰ ਬਰਨਾਲੇ ਵਿਚ ਘੇਰਾ ਪਾ ਲਿਆ ਸੀ।

1733 ਈ: ਵਿਚ ਜਦੋਂ ਸਿੰਘਾਂ ਦੀ ਲਾਹੌਰ ਦੇ ਨਵਾਬ ਜ਼ਕਰੀਆ ਖਾਨ ਨਾਲ ਸੁਲਹ ਹੋਈ ਤਾਂ ਸਿੱਖਾਂ ਨੂੰ ਸੂਬਾ ਲਾਹੌਰ ਦੀ ਜਗੀਰ ਦੇ ਦਿਤੀ ਤਾਂ ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ ਦੇ ਜੱਥੇ ਨਾਲ ਜਾ ਰਲੇ। ਬਾਬਾ ਦੀਪ ਸਿੰਘ ਦੀ ਉਮਰ ਉਸ ਵਕਤ 52 ਸਾਲ ਦੀ ਸੀ ਅਤੇ ਉਮਰ ਦੇ ਲਿਹਾਜ ਨਾਲ ਇਹਨਾਂ ਨੂੰ ਬਾਬਾ ਆਖਿਆ ਜਾਂਦਾ ਸੀ ਤਾਂ ਉਦੋਂ ਬਾਬਾ ਦੀਪ ਸਿੰਘ ਨੂੰ, ਦਲ ਖਾਲਸਾ ਦੇ ਬੁੱਢਾ ਦਲ ਦੇ, ਇਕ ਜੱਥੇ ਦਾ ਮੁੱਖੀ ਬਣਾਇਆ ਗਿਆ।1748 ਈ: ਵਿਚ ਸਿੱਖਾਂ ਦੇ 65 ਜੱਥੇ ਤੋੜ ਕੇ ਬਾਰਾਂ ਭਾਗ ਕੀਤੇ ਗਏ ਜੋ ਅੱਗੇ ਜਾ ਕੇ ਮਿਸਲਾਂ ਦਾ ਰੂਪ ਧਾਰਨ ਕਰ ਗਏ। ਆਪ ਇਕ ਮਰਜੀਵੜਿਆਂ ਦੀ ਮਿਸਲ, ਜਿਸਦਾ ਨਾਮ ' ਸ਼ਹੀਦ ਮਿਸਲ' ਸੀ, ਦੇ ਆਗੂ ਥਾਪੇ ਗਏ। ਇਸ ਮਿਸਲ ਦਾ ਮੁੱਖ ਅਸਥਾਨ ਦਮਦਮਾ ਹੀ ਰਿਹਾ। ਜਿਸ ਬੁਰਜ ਵਿਚ ਆਪ ਰਹਿੰਦੇ ਸਨ ਉਹ ਅੱਜ ਭੀ ਦਮਦਮਾਂ ਸਾਹਿਬ ਦੇ ਨੇੜੇ ਬੁਰਜ ਬਾਬਾ ਦੀਪ ਸਿੰਘ ਕਰਕੇ ਪ੍ਰਸਿੱਧ ਹੈ।

ਜ਼ਕਰੀਆ ਖਾਨ ਦੀ ਮੌਤ ਬਾਅਦ, 1745 ਈ: ਲਾਹੌਰ ਦਾ ਹਾਕਿਮ ਉਸਦਾ ਵੱਡਾ ਬੇਟਾ, ਯਹੀਆ ਖਾਨ ਬਣਿਆ। ਉਸਨੇ ਪਿਉ ਦਾਦੇ ਤੋਂ ਵੱਧ ਅਤਿਆਚਾਰ ਕੀਤੇ, ਬਹੁਤੀ ਦੇਰ ਨਾ ਰਹਿ ਸਕਿਆ, ਘਰੋਗੀ ਲੜਾਈ ਕਾਰਣ ਗੱਦੀ ਤੋਂ ਲਾਹ ਦਿਤਾ ਗਿਆ। ਉਸਦੇ ਬਾਅਦ ਜ਼ਕਰੀਆ ਖਾਨ ਦਾ ਦੂਜਾ ਬੇਟਾ ਮੀਰ ਮੰਨੂ { ਮੀਰ ਮਈਉਨ-ਉਲ-ਮਲਕ }, ਪੰਜਾਬ ਦਾ ਗਵਰਨਰ ਬਣਿਆ, ਉਸਨੇ ਬਣਦੇ ਸਾਰ ਹੀ ਸਿੱਖਾਂ ਵਿਰੁੱਧ ਮੁਹਿੰਮ ਸ਼ੁਰੂ ਕਰ ਦਿੱਤੀ। ਸਿੱਖਾਂ ਨੂੰ ਖ਼ਤਮ ਕਰਨ ਲਈ, ਕਈਆਂ ਨੂੰ ਕੈਦ ਕੀਤਾ ਗਿਆ, ਸਵਾ ਸਵਾ ਮਣ ਪੀਹਣ ਲਈ

ਦਿੱਤੇ ਗਏ, ਕੋਹਲੂ ਗਿੜਵਾਏ ਗਏ, ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕਰਨ ਲਈ ਮਜ਼ਬੂਰ ਕੀਤਾ ਗਿਆ। ਇਸ ਨੇ ਮਾਸੂਮ ਬੱਚੇ,ਜ਼ਨਾਨੀਆਂ ਨੂੰ ਸਿੱਖੀ ਤਿਆਗਣ ਤੇ ਇਸਲਾਮ ਕਬੂਲ ਕਰਨ ਦੀ ਪੇਸ਼ਕਸ਼ ਕੀਤੀ, ਤੇ ਜਦੋਂ ਬੀਬੀਆਂ ਇਨਕਾਰ ਕਰਦੀਆਂ ਤਾਂ ਉਹਨਾਂ ਨੂੰ ਕਸ਼ਟ ਦਿੱਤੇ ਜਾਂਦੇ। ਜਦ ਸਰੀਰਕ ਕਸ਼ਟ ਨਾਲ ਵੀ ਬੀਬੀਆਂ ਨਾ ਡੋਲਦੀਆ ਤਾਂ ਉਹਨਾਂ ਦੇ ਬੱਚਿਆਂ ਦੇ ਟੋਟੇ ਟੋਟੇ ਕਰ ਦਿੱਤੇ ਜਾਂਦੇ, ਜਿਉਂਦੇ ਅੱਗ ਵਿਚ ਸਾੜ ਦਿੱਤੇ ਜਾਂਦੇ ਤੇ ਮਾਂਵਾਂ ਦੀਆ ਝੋਲੀਆਂ ਵਿਚੋਂ ਹੱਥਾਂ ਨਾਲ ਫੜਨ ਦੀ ਥਾਂ ਨੇਜ਼ਾ ਮਾਰ ਕੇ ਪਰੋਏ ਜਾਂਦੇ ਤੇ ਅਖੀਰ ਉਹਨਾਂ ਦੇ ਦਿਲ ਕੱਢਕੇ ਮਾਂਵਾਂ ਦੇ ਮੂੰਹਾਂ ਵਿਚ ਪਾਏ ਜਾਂਦੇ। ਇਹਨਾਂ ਮਾਈਆਂ ਦੀ ਬੇਮਿਸਾਲ ਕੁਰਬਾਨੀ ਕਦੇ ਭੀ ਭੁਲਾਈ ਨਹੀਂ ਜਾ ਸਕਦੀ। ਸਗੋਂ ਇਹ ਚੜ੍ਹਦੀ ਕਲਾ ਵਿਚ ਰਹਿ ਕੇ ਇਹ ਗਾਂਉਂਦੇ ਰਹਿੰਦੇ:

*ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ।*
*ਜਿਉਂ ਜਿਉਂ ਮਨੂੰ ਵਢਦਾ ਅਸੀਂ ਦੂਣ ਸਵਾਏ ਹੋਏ।*

1756 ਈ: ਵਿਚ ਸਿੰਘਾਂ ਨੇ ਇਕ ਜ਼ਬਰਦਸਤ ਹਮਲਾ ਕਰਕੇ, ਜ਼ਨਾਨੀਆਂ ਤੇ ਬੱਚਿਆਂ ਨੂੰ ਛੁਡਾ ਲਿਆ। ਸਰਕਾਰੀ ਏਜੰਟਾਂ ਨੂੰ ਢੁਕਵੀਆਂ ਸਜ਼ਾ ਦੇ ਕੇ ਪਾਰ ਬੁਲਾਇਆ ਗਿਆ। ਮੀਰ ਮਨੂੰ ਘਬਰਾ ਗਿਆ, ਉਸਨੂੰ ਜਾਨ ਦਾ ਖਤਰਾ ਬਣ ਗਿਆ, ਅਤੇ ਡਰ ਵਿਚ ਹੀ, ਆਪ ਹੀ ਘੋੜੇ ਤੋਂ ਡਿੱਗਕੇ ਘਸੀਟਦਾ ਘਸੀਟਦਾ ਮਾਰਿਆ ਗਿਆ। ਸਿੱਖ ਪਹਿਲੇ ਨਾਲੋਂ ਭੀ ਵੱਧ ਤਾਕਤ ਫੜ ਗਏ।

ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦੇ ਸਮੇਂ ਬਾਰੇ ਮੱਤ ਭੇਦ ਹਨ, ਕਈ ਇਤਹਾਸਕਾਰ 1757 ਈ: ਤੇ ਕਈ 1762 ਈ: ਮੰਨਦੇ ਹਨ। ਸ: ਗੁਰਬਖ਼ਸ਼ ਸਿੰਘ ਭੀ 1760 ਈ: ਨੂੰ ਸ਼ਹੀਦ ਹੋਏ ਦੱਸੇ ਜਾਂਦੇ ਹਨ। ਸ: ਗੁਰਬਖ਼ਸ਼ ਸਿੰਘ ਜੀ ਅਨੰਦਪੁਰ ਸਾਹਿਬ ਦੇ ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਸਿੱਖੀ ਪਰਚਾਰ ਦੀ ਸੇਵਾ ਕਰ ਰਹੇ ਸਨ। ਇਹਨਾਂ ਨੂੰ ਜਦ ਦਰਬਾਰ ਸਾਹਿਬ ਢਾਹੁਣ ਤੇ ਸਰੋਵਰ ਪੂਰਨ ਦੀ ਖਬਰ ਮਿਲੀ ਤਾਂ ਇਹਨਾਂ ਨੇ ਭੀ ਆਪਣੇ ਜਥੇ ਸਮੇਤ ਅੰਮ੍ਰਿਤਸਰ ਪਹੁੰਚ ਕੇ ਅਫ਼ਗਾਨੀ ਫੌਜਾਂ ਤੇ ਹਮਲਾ ਕਰਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹਨਾ ਦਾ ਮੁਕਾਬਲਾ ਭੀ ਜਹਾਨ ਖ਼ਾਨ ਨਾਲ ਹੀ ਹੋਇਆ ਸੀ, ਉਸ ਵਕਤ ਭੀ ਜਹਾਨ ਖ਼ਾਨ ਨੇ ਆਪਣਾ ਕਬਜ਼ਾ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਜਮਾਇਆ ਹੋਇਆ ਸੀ, ਜਦ ਕਿ ਬਾਬਾ ਦੀਪ ਸਿੰਘ ਦੀ ਸਹੀਦ ਦਾ ਮੁਕਾਬਲਾ ਫ਼ੈਸਲਾ ਕੁਨ ਸੀ ਅਤੇ ਉਸਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਆਜਾਦ ਹੋ ਗਿਆ ਸੀ । ਜਹਾਨ ਖਾਨ ਦੇ ਕਈ ਜਰਨੈਲ ਮਾਰੇ ਗਏ ਸਨ ਅਤੇ ਉਸਦੀ ਹਾਰ ਹੋਈ ਸੀ। ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦਾ ਸਮਾਂ 1762 ਈ: ਹੀ ਸਹੀ ਲਗਦਾ ਹੈ।

<u>ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ :</u> ਅਹਿਮਦ ਸ਼ਾਹ ਅਬਦਾਲੀ ਨੇ ਕਈ ਵਾਰ ਭਾਰਤ ਤੇ ਹਮਲੇ ਕੀਤੇ ਤੇ ਹਰ ਵਾਰ ਉਸਦਾ ਰਾਹ ਰੋਕਿਆ ਗਿਆ, ਉਸਦੀਆਂ ਫੌਜਾਂ ਨੂੰ ਨੁਕਸਾਨ ਪਹੁੰਚਾਇਆ ਗਿਆ, ਉਸਦੇ ਨਿਯਤ ਕੀਤੇ ਹਾਕਮਾਂ ਦੀ ਡੱਟਕੇ ਵਿਰੋਧਤਾ ਕੀਤੀ ਗਈ ਅਤੇ ਇਹ ਸਾਰੇ ਹਿੰਦੋਸਤਾਨ ਵਿਚੋਂ ਇੱਕ ਹੀ ਸਿੰਘਾਂ ਦੀ ਕੌਮ ਕਰ ਰਹੀ ਸੀ, ਜਿਸ ਕਰਕੇ ਉਹ ਬੇਹੱਦ ਪਰੇਸ਼ਾਨ ਸੀ। ਮਿਸਲਾਂ ਦਾ ਪਰਭਾਵ ਭੀ ਬਹੁਤ ਹੋ ਗਿਆ ਸੀ, ਉਹਨਾਂ ਨੇ ਅਮਲੀ ਤੌਰ ਤੇ ਰਾਖੀ ਸਿਸਟਮ ਲਾਗੂ ਕਰਕੇ ਹਕੂਮਤ ਨੂੰ ਨਕਾਰਾ ਕਰ ਦਿੱਤਾ ਸੀ ਅਤੇ ਲੋਕ ਇਹਨਾਂ ਦੀ ਅਗਵਾਈ ਵਿਚ ਆ ਰਹੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਇਹ ਹਾਲਤ ਦੇਖਕੇ ਕਰੜੇ ਤੇ ਜ਼ਾਲਮ ਇਨਸਾਨ, ਜਹਾਨ ਖ਼ਾਨ ਨੂੰ ਲਾਹੌਰ ਦਾ ਗਵਰਨਰ ਬਣਾ ਦਿੱਤਾ ਅਤੇ ਉਸਨੂੰ ਇਹ ਹੁਕਮ ਦਿੱਤਾ ਕਿ ਉਹ ਸਿੱਖਾਂ ਦੀ ਹਸਤੀ ਤੇ ਨਾਮ ਨਿਸ਼ਾਨ ਖ਼ਤਮ ਕਰਨ ਲਈ ਪੂਰੀ ਵਾਹ ਲਾ ਦੇਵੇ।

ਜਹਾਨ ਖ਼ਾਨ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿਚ ਸਿੱਖਾਂ ਦਾ ਸਰੋਵਰ, ਦਰਬਾਰ ਸਾਹਿਬ ਕਾਇਮ ਹੈ, ਇਹ ਖ਼ਤਮ ਨਹੀਂ ਹੋ ਸਕਦੇ। ਕਿਤਨੀ ਸਖ਼ਤੀ ਕਰ ਲਈਏ ਇਹ ਦਿਲ ਨਹੀਂ ਹਾਰਨਗੇ, ਕਿਉਂਕਿ ਸਰੋਵਰ ਵਿਚ ਇਸ਼ਨਾਨ ਕਰਕੇ, ਦਰਬਾਰ ਸਾਹਿਬ ਮੱਥਾ ਟੇਕ ਕੇ, ਇਹਨਾਂ ਨੂੰ ਨਵਾਂ ਜੀਵਨ, ਨਵਾਂ ਉਤਸ਼ਾਹ ਤੇ ਨਵਾਂ ਜੋਸ਼ ਮਿਲ ਜਾਂਦਾ ਹੈ, ਇਸ ਲਈ ਇਹ ਜੀਵਨ ਸੋਮਾ ਖ਼ਤਮ ਕੀਤਾ ਜਾਏ। ਜਹਾਨ ਖ਼ਾਨ ਨੇ ਅੰਮ੍ਰਿਤਸਰ ਨੂੰ ਹੈਡ ਕੁਆਰਟਰ ਬਣਾ ਲਿਆ ਤੇ ਸਿੱਖਾਂ ਦੇ ਜ਼ਜ਼ਬਾਤ ਕੁਚਲਣ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਮਾਰਤ ਢਾਹ ਦਿੱਤੀ ਅਤੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ, ਇਹ ਗੱਲ 1760 ਈ: ਦੀ ਹੈ।

ਜਹਾਨ ਖ਼ਾਨ ਦੀ ਇਸ ਕਾਰਵਾਈ ਦੀ ਖ਼ਬਰ ਸਿੱਖਾਂ ਨੂੰ ਜੰਗਲਾਂ ਵਿਚ ਅਤੇ ਦੂਰ ਦੁਰਾਡੇ ਵੀ ਪਹੁੰਚੀ, ਸਾਰੀ ਕੌਮ ਵਿਚ ਗ਼ਮ ਅਤੇ ਗੁੱਸੇ ਦੀ ਲਹਿਰ ਫੈਲ ਗਈ। ਬਾਬਾ ਦੀਪ ਸਿੰਘ ਜੀ ਨੂੰ ਇਹ ਜਾਣਕੇ ਬਹੁਤ ਤਕਲੀਫ ਹੋਈ ਅਤੇ ਉਮਰ ਭਾਵੇਂ 80 ਸਾਲ ਦੀ ਹੋ ਗਈ ਸੀ, ਪਰ ਸ਼ਰਧਾ ਅਤੇ ਜੋਸ਼ ਵਿਚ ਉਨੀਂ ਹੀ ਤੀਬਰਤਾ ਸੀ

ਜਿੰਨ੍ਹੀ ਕਿਸੇ ਜਵਾਨ ਵਿਚ ਹੋ ਸਕਦੀ ਸੀ। ਆਪਨੇ, ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਸਿੱਧੀ ਟੱਕਰ ਲੈਣ ਦਾ ਫੈਸਲਾ ਕਰ ਲਿਆ ਅਤੇ ਆਸਪਾਸ ਦੇ ਸਿੱਖ ਟਿਕਾਣਿਆਂ ਤੇ ਇਤਲਾਹ ਭੇਜੀ। ਛੇਤੀ ਹੀ ਆਪ ਜੀ ਦੀ ਅਗਵਾਈ ਵਿਚ ਮਾਲਵੇ ਵਿਚੋਂ ਕੂਚ ਕਰਦਿਆਂ , ਖਾਲਸਾ ਦਲ ਦੀ ਗਿਣਤੀ ਪੰਜ ਹਜ਼ਾਰ ਤੋਂ ਵੱਧ ਹੋ ਗਈ।

ਬਿਆਸ ਦਰਿਆ ਪਾਰ ਕਰ ਕੇ ਮਾਝੇ ਵਿਚ ਦਾਖ਼ਲ ਹੋ ਗਏ ਤੇ ਇਥੇ ਮਝੈਲ ਸਿੰਘ ਵੀ ਨਾਲ ਰਲ ਗਏ। ਸਿੱਧੇ ਤਰਨਤਾਰਨ ਪਹੁੰਚੇ ਤੇ ਇਥੇ ਗੁਰਦਵਾਰੇ ਦੇ ਦਰਸ਼ਨ ਇਸ਼ਨਾਨ ਕਰਕੇ ਸਫਲਤਾ ਲਈ ਅਰਦਾਸਾ ਸੋਧਿਆ। ਸੁੰਦਰ ਪੁਸ਼ਾਕੇ ਪਾ ਕੇ ਸ਼ਹੀਦੀ ਗਾਨੇ ਬੰਨ੍ਹ ਲਏ ਅਤੇ ਬਾਬਾ ਦੀਪ ਸਿੰਘ ਨੇ ਇਕ ਲਕੀਰ ਖਿੱਚ ਲਈ ਅਤੇ ਕਿਹਾ ਜਿਹਨਾਂ ਨੇ ਸ਼ਹੀਦੀ ਪਾਉਣੀ ਹੈ ਲਕੀਰ ਪਾਰ ਕਰ ਲੈਣ। ਸਾਰੇ ਸਿੰਘਾਂ ਨੇ ਲਕੀਰ ਟੱਪ ਲਈ ਤੇ ਜੈਕਾਰੇ ਛਡਦੇ ਅੰਮ੍ਰਿਤਸਰ ਵਲ ਵਧਣ ਲਗ ਗਏ। ਅੰਮ੍ਰਿਤਸਰ ਤੋਂ ਪੰਜ ਮੀਲ ਬਾਹਰ, ਗੋਹਰਵਾਲ ਵਿਚ, ਜਹਾਨ ਖ਼ਾਨ ਦੀਆਂ 20,000 ਫ਼ੌਜ਼ਾਂ ਨਾਲ ਬੜਾ ਜ਼ਬਰਦਸਤ ਮੁਕਾਬਲਾ ਹੋਇਆ।ਸਿੰਘਾਂ ਦੇ ਗੁੱਸੇ ਅਤੇ ਜੋਸ਼ ਸਾਹਮਣੇ ਮੁਗਲਾਂ ਦੀ ਫ਼ੌਜ ਟਿਕ ਨਾ ਸਕੀ ਅਤੇ ਉਸਨੂੰ ਪਿੱਛੇ ਹਟਣਾ ਪਿਆ ਅਤੇ ਸਿੰਘ ਤਲਵਾਰ ਵਾਂਹਦੇ ਸ਼ਹਿਰ ਦੇ ਨੇੜੇ ਆ ਗਏ।

ਬਾਬਾ ਦੀਪ ਸਿੰਘ ਦਾ ਸਹਾਇਕ ਸ: ਦਿਆਲ ਸਿੰਘ ਜੀ ਨੇ ਕਮਾਲ ਦੀ ਬੀਰਤਾ ਦੇ ਜੌਹਰ ਦਿਖਾਏ,ਆਪਣੇ ਸਾਥੀਆਂ ਸਮੇਤ, ਪਠਾਣੀ ਫ਼ੌਜ ਨੂੰ ਚੀਰਦਾ ਹੋਇਆ ਜਹਾਨ ਖਾਨ ਦੇ ਹਾਥੀ ਕੋਲ ਪਹੁੰਚ ਗਿਆ। ਅੱਖ ਦੇ ਝਮਕਣ ਦੇ ਸਮੇਂ ਤੋਂ ਭੀ ਥੋੜੇ ਵਿਚ ਉਸਨੇ ਘੋੜੇ ਤੋਂ ਛਾਲ ਮਾਰਕੇ, ਉਸਦੇ ਹਾਥੀ ਤੇ ਅਸਵਾਰ ਹੋ ਕੇ ਜਹਾਨ ਖਾਨ ਦਾ ਸਿਰ ਵੱਢ ਲਿਆ। ਇਸ ਘਟਨਾ ਦਾ ਜ਼ਿਕਰ, ਆਪਣੀ ਪੁਸਤਕ, 'ਸਿੱਖ ਮਾਰਟਰਜ਼' ਵਿਚ ਲਛਮਣ ਸਿੰਘ ਨੇ ਕੀਤਾ ਹੈ। ਕਈ ਇਤਿਹਾਸਕਾਰ ਜਹਾਨ ਖਾਨ ਦੀ ਮੌਤ ਇਸ ਸਮੇਂ ਨਹੀਂ ਮੰਨਦੇ।

ਸ਼ਹਿਰ ਦੇ ਦਰਵਾਜ਼ੇ, ਰਾਮਸਰ ਨੇੜੇ ਫਿਰ ਬਹੁਤ ਸਖ਼ਤ ਲੜਾਈ ਹੋਈ, ਇਥੇ ਜਹਾਨ ਖਾਨ ਦੀ ਫੌਜ ਦੇ ਦੂਜੇ ਕਮਾਂਡਰ, ਜਮਾਲ ਸ਼ਾਹ ਨੇ ਬਾਬਾ ਦੀਪ ਸਿੰਘ ਨੂੰ ਚੈਲਿੰਜ ਕੀਤਾ, ਕਿ ਉਹ, ਉਸਦੇ ਨਾਲ ਇਕੱਲੇ ਮੁਕਬਲਾ ਕਰ ਲੈਣ। ਜਮਾਲ ਸ਼ਾਹ ਜਵਾਨ ਸੀ ਅਤੇ ਬਾਬਾ ਦੀਪ ਸਿੰਘ 80 ਸਾਲ ਦੇ ਸਨ, ਪਰ ਉਹਨਾਂ ਇਹ ਲਲਕਾਰ ਤੁਰਤ ਪਰਵਾਨ ਕਰ ਲਈ।ਜ਼ਬਰਦਸਤ ਲੜਾਈ ਵਿਚ ਦੁਸ਼ਮਣਾਂ ਦਾ ਬਹੁਤ ਨੁਕਸਾਨ ਹੋਇਆ, ਸ਼ਹਿਰ ਦੀਆਂ ਗਲੀਆਂ ਖ਼ੂਨ ਅਤੇ ਲੋਥਾ ਨਾਲ ਭਰ ਗਈਆਂ। ਬਾਬਾ ਦੀਪ ਸਿੰਘ ਦੇ ਸਾਥੀ, ਮੁਖੀ ਸ: ਧਰਮ ਸਿੰਘ, ਸ: ਖੇਮ ਸਿੰਘ, ਸ: ਮਾਨ ਸਿੰਘ, ਸ: ਰਾਮ ਸਿੰਘ ਅਤੇ ਹੋਰ ਅਨੇਕਾਂ ਸਿੰਘਾਂ ਸਮੇਤ ਸ਼ਹੀਦ ਹੋ ਗਏ।ਬਾਬਾ ਦੀਪ ਸਿੰਘ ਜੀ ਭੀ ਸਖ਼ਤ ਜ਼ਖ਼ਮੀ ਹੋ ਗਏ, ਸੀਸ ਧੜ ਤੋਂ ਵੱਖ ਹੋ ਗਿਆ ਪਰ ਆਪਣਾ ਪ੍ਰਣ ਨਿਭਾਉਣ ਲਈ, ਗੁਰੂ ਗੋਬਿੰਦ ਸਿੰਘ ਦਾ ਬਿਰਦ ਦੇ ਆਸਰੇ, ਆਪਣਾ ਕੱਟਿਆ ਹੋਇਆ ਸੀਸ, ਖੱਬੇ ਹੱਥ ਦੀ ਤਲੀ ਤੇ ਰੱਖ ਲਿਆ ਅਤੇ ਪੂਰੀ ਸ਼ਕਤੀ ਨਾਲ ਦੁਸ਼ਮਣਾਂ ਨੂੰ ਮੁਕਤੀ ਦੇ ਦਰ ਪਹੁੰਚਾਂਉਦੇਂ ਹੋਏ, ਸ੍ਰੀ ਦਰਬਾਰ ਸਾਹਿਬ ਦੀਆ ਪਰਕਰਮਾਂ ਤੱਕ ਪਹੁੰਚ ਕੇ ਸ਼ਹੀਦੀ ਪਾ ਕੇ ਅਮਰ ਕਾਰਨਾਮਾ ਕਰ ਗਏ।ਇਥੇ ਅੱਪੜਦਿਆਂ ਤੱਕ ਹੋਰ ਪਠਾਨ ਜਰਨੈਲਾਂ ਵਿਚੋਂ, ਸਾਬਰ ਅਲੀਖ਼ਾਨ, ਰੁਸਤਮ ਅਲੀ ਖ਼ਾਨ ਤੇ ਜ਼ਬਰਦਸਤ ਖ਼ਾਨ ਵੀ ਮਾਰੇ ਗਏ।ਇਹਨਾਂ ਜਰਨੈਲਾਂ ਨੂੰ ਮਾਰਨ ਵਾਲੇ ਅਣਖੀਲੇ ਸਿੰਘ ਸਰਦਾਰ, ਸ: ਹੀਰਾ ਸਿੰਘ ਤੇ ਸ: ਬਲਵੰਤ ਸਿੰਘ ਸਨ।ਜਦ ਇਤਨੇ ਜਰਨੈਲ ਮਾਰੇ ਗਏ ਤਾਂ ਪਠਾਣੀ, ਅਫ਼ਗਾਨੀ ਤੇ ਮੁਸਲਮਾਨ ਫ਼ੌਜ ਦੇ ਹੌਸਲੇ ਟੁੱਟ ਗਏ ਤੇ ਉਹ ਦਰਬਾਰ ਸਾਹਿਬ ਦਾ ਘੇਰਾ ਛੱਡ ਕੇ ਭੱਜ ਉੱਠੇ। ਬਾਬਾ ਦੀਪ ਸਿੰਘ ਤਾਂ ਦਰਬਾਰ ਸਾਹਿਬ ਪ੍ਰਕਰਮਾ ਤੱਕ ਅਪੜ ਕੇ ਸ਼ਹੀਦੀ ਪਾ ਗਏ ਪਰ ਬਾਕੀ ਸਿੰਘਾਂ ਨੇ ਅਟਾਰੀ ਤਕ ਪਿੱਛਾ ਕੀਤਾ ਤੇ ਪਠਾਣੀ ਫ਼ੌਜ ਤੋਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲਿਆ। ਉਹਨਾਂ ਦਾ ਬਹੁਤ ਸਾਰਾ ਅਸਲਾ ਤੇ ਸਾਮਾਨ ਖੋਹ ਲਿਆ।

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਤੇ ਉਹਨਾਂ ਦੀ ਯਾਦਗਾਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਕਰਮਾ ਵਿਚ ਬਣੀ ਹੋਈ ਹੈ।ਅਤੇ ਜਿਸ ਥਾਂ ਤੇ ਦੇਹ ਦਾ ਸਸਕਾਰ, ਚਾਟੀਵਿੰਡ ਗੇਟ ਦੇ ਕੋਲ ਕੀਤਾ, ਉਸੇ ਥਾਂ ਤੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਬਣਿਆ ਹੋਇਆ ਹੈ।

ਬਾਬਾ ਦੀਪ ਸਿੰਘ ਜੀ ਦੀ ਉਮਰ ਦਾ ਬੁਢਾ ਜਰਨੈਲ ਕਿਸੇ ਇਤਿਹਾਸ ਵਿਚ ਹੋਰ ਕੋਈ ਨਹੀਂ ਮਿਲਦਾ ਅਤੇ ਨਾ ਹੀ ਕੋਈ ਅਜਿਹੀ ਮਿਸਾਲ , ਜਿਸਤਰ੍ਹਾਂ ਆਪ ਜੀ ਨੇ ਸ਼ਹੀਦੀ ਪਾਈ।

---